ਦੇ ਆਖਰੀ ਹਿਸੇ ਵਿਚ ਉਹ ਪਰਿਵਰਾਜਿਕ ਭਿਕਸ਼ੂ ਬਣਿਆ । ਇਸ ਜਨਮ ਵਿੱਚ ਉਹ 64 ਲੱਖ ਪੂਰਵ ਦੀ ਉਮਰ ਪੂਰੀ ਕਰਕੇ ਈਸ਼ਾਨ ਦੇਵ ਲੋਕ ਵਿਚ ਮਾਧਿਅਮ ਸਥਿਤੀ ਵਾਲਾ ਦੇਵਤਾ ਬਣਿਆ ।

## ਦਸਵਾਂ ਤੇ ਗਿਆਰਵਾਂ ਜਨਮ–

ਦਸਵੇਂ ਜਨਮ ਵਿੱਚ ਵੀ ਨਯਸਾਰ ਦਾ ਜੀਵ ਮੰਦਰ ਸਨੀਵੇਸ਼ ਵਿਚ ਪੈਦਾ ਹੋਇਆ, ਉੱਥੇ ਉਸਦਾ ਨਾਂ ਅਗਨੀਭੂਤੀ ਤੇ ਕੁੱਲ ਬ੍ਰਾਹਮਣ ਸੀ । ਇੱਥੇ ਉਸਨੇ ਫੇਰ ਪਰਿਵਰਾਜਿਕ ਸਾਧੂ ਦੀ ਦੀਖਿਆ ਗ੍ਰਹਿਣ ਕੀਤੀ । ਇੱਥੇ ਇਸਦੀ ਉਮਰ 56 ਲੱਖ ਪੂਰਵ ਸੀ । ਗਿਆਰਵੇਂ ਜਨਮ ਇਹ ਜੀਵ ਆਤਮਾ ਸਨਤਕੁਮਾਰ ਦੇਵ ਲੋਕ ਵਿੱਚ ਮਾਧਿਅਮ ਸਥਿਤੀ ਰੂਪ ਵਿੱਚ ਪੈਦਾ ਹੋਈ ।

## ਬਾਰਹਵਾਂ ਤੇ ਤੇਰਹਵਾਂ ਜਨਮ–

ਸਨਤਕੁਮਾਰ ਦੇਵ ਲੋਕ ਵਿਚੋਂ ਨਿਕਲ ਕੇ ਨਯਸ਼ਾਰ ਦਾ ਜੀਵ ਸਵੇਤਾਂਵੀਕਾ ਨਗਰੀ ਵਿੱਚ ਭਾਰਦਵਾਜ਼ ਬ੍ਰਾਹਮਣ ਦੇ ਰੂਪ ਵਿਚ ਪੈਦਾ ਹੋਇਆ । ਉਸਨੇ ਫੇਰ ਪਰਿਵਰਾਜਿਕ ਦੀਖਿਆ ਗ੍ਰਹਿਣ ਕੀਤੀ । ਇਸ ਜਨਮ ਵਿਚ ਉਸਦੀ ਉਮਰ 44 ਲੱਖ ਪੂਰਵ ਸੀ । ਉਥੋਂ ਚਲ ਕੇ ਨਯਸਾਰ ਦਾ ਜੀਵ ਮੇਹੇਂਦਰ ਦੇਵ ਲੋਕ ਵਿਚ ਪੈਦਾ ਹੋਇਆ । ਇਸ ਦੇਵ ਲੋਕ ਤੋਂ ਨਿਕਲ ਕੇ ਉਸ ਅਣਗਣਿਤ ਜਨਮ ਗ੍ਰਹਿਣ ਕੀਤੇ । ਜੋ ਗਿਣਤੀ ਤੋਂ ਬਾਹਰ ਹਨ ।

## ਚੌਦਵਾਂ ਅਤੇ ਪੰਦਰਵਾਂ ਜਨਮ–

ਚੌਦਵੇਂ ਜਨਮ ਵਿੱਚ ਨਯਸਾਰ ਦਾ ਜੀਵ ਰਾਜਗ੍ਰਹਿ ਵਿਖੇ ਸਥਾਵਰ ਬ੍ਰਾਹਮਣ ਦੇ ਰੂਪ ਵਿੱਚ ਪੈਦਾ ਹੋਇਆ । ਜਿਥੇ ਉਸਦੀ ਉਮਰ 34 ਲੱਖ ਪੂਰਵ ਸੀ । ਉਥੇ ਵੀ ਇਹ ਪਰਿਵਰਾਜਿਕ ਪਰੰਪਰਾ ਦਾ ਸਾਧੂ ਬਣਿਆ । ਅੰਤ ਸਮੇਂ ਉਮਰ ਪੂਰੀ ਕਰਕੇ ਬ੍ਰਹਮ ਦੇਵ ਲੋਕ ਪੈਦਾ ਹੋਇਆ ।

ਬ੍ਰਹਮ ਲੋਕ ਤੋਂ ਚਲਕੇ ਨਯਸ਼ਾਰ ਦਾ ਜੀਵ ਅਨੰਤ ਜੂਨਾਂ ਵਿਚ ਜਨਮ ਲਿਆ । ਇਨ੍ਹਾਂ ਜਨਮਾਂ ਦੀ ਗਿਣਤੀ, ਸੰਖਿਆ ਤੋਂ ਬਾਹਰ ਹੈ ।

## ਸੋਲ੍ਹਵਾਂ ਤੇ ਸਤਾਰ੍ਹਵਾਂ ਜਨਮ–

ਸੋਲ੍ਹਵੇਂ ਮਹੱਤਵਪੂਰਨ ਜਨਮ ਵਿੱਚ ਨਯਸਾਰ ਦਾ ਜੀਵ ਵਿਸ਼ਵਨੰਦੀ ਰਾਜੇ ਦੇ ਭਰਾ ਵਿਸਾਖਭੂਤੀ ਦੇ ਪੁੱਤਰ ਰੂਪ ਵਿੱਚ ਰਾਜਗ੍ਰਹਿ ਵਿਖੇ ਪੈਦਾ ਹੋਇਆ । ਇਥੇ ਇਸ ਦਾ ਨਾਂ ਵਿਸ਼ਵਭੂਤੀ ਸੀ । ਵਿਸ਼ਵਭੂਤੀ ਵੱਡਾ ਹੋ ਕੇ ਪੁਸ਼ਪ ਕੰਰਡਕ ਬਾਗ ਵਿਖੇ ਬਣੇ ਰਾਜ ਮਹਿਲ ਵਿਚ ਐਸ਼ ਭਰਪੂਰ ਜਿੰਦਗੀ ਬਿਤਾਉਣ ਲੱਗਾ ।

ਵਿਸ਼ਵਨੰਦੀ ਰਾਜੇ ਦੀਆਂ ਦਾਸੀਆਂ ਤੋਂ ਵਿਸ਼ਵਭੂਤੀ ਦਾ ਇਹ ਐਸ਼ ਭਰਪੂਰ ਜੀਵਨ ਸਹਿਣ ਨਾ ਹੋਇਆ । ਉਨ੍ਹਾਂ ਨੇ ਰਾਜੇ ਵਿਸ਼ਵਨੰਦੀ ਦੀ ਰਾਣੀਆਂ ਨੂੰ ਵਿਸ਼ਵਭੂਤੀ

ਦੇ ਭੋਗ ਵਿਲਾਸ ਦਾ ਜਿਕਰ ਕੀਤਾ। ਦਾਸੀਆਂ ਦੀ ਭੜਕਾਹਟ ਦੇ ਨਾਲ ਤੇ ਰਾਣੀ ਦੇ ਮਨ ਵਿੱਚ ਖਿਆਲ ਆਇਆ ਕਿ " ਮੇਰਾ ਪੁੱਤਰ ਰਾਜੇ ਦਾ ਪੁੱਤਰ ਹੋ ਕੇ ਵੀ ਇੰਨਾ ਸੁੱਖ ਭੋਗ ਨਹੀਂ ਸਕਦਾ। ਮੇਰਾ ਰਾਣੀ ਜੀਵਨ ਬੇਕਾਰ ਹੈ, ਜੋ ਮੈਂ ਆਪਣੇ ਪੁੱਤਰ ਨੂੰ ਰਾਜਕੁਮਾਰਾਂ ਵਾਲਾ ਜੀਵਨ ਨਾ ਦੇ ਸਕਾਂ।"

ਰਾਣੀ ਦੀ ਇਸ ਈਰਖਾ ਬਾਰੇ ਮਹਾਰਾਜਾ ਵਿਸ਼ਵਨੰਦੀ ਨੂੰ ਪਤਾ ਲੱਗਾ। ਉਸਨੇ ਰਾਣੀ ਨੂੰ ਸਮਝਾਉਂਦੇ ਹੋਏ ਕਿਹਾ " ਸਾਡੇ ਕੁੱਲ ਦੀ ਇਹ ਮਰਿਆਦਾ ਹੈ ਕਿ ਜਦ ਤੱਕ ਪਹਿਲਾਂ ਬਾਗ ਵਿਚ ਗਿਆ ਪੁਰਸ਼ ਬਾਹਰ ਨਾ ਆ ਜਾਵੇ, ਦੂਸਰਾ ਪੁਰਸ਼ ਬਾਗ ਅੰਦਰ ਨਹੀਂ ਜਾ ਸਕਦਾ। ਵਿਸ਼ਵਭੂਤੀ ਬਸੰਤ ਦਾ ਮੌਸਮ ਗੁਜਾਰਨ ਲਈ ਬਾਗ ਵਿਚ ਠਹਿਰਿਆ ਹੋਇਆ ਹੈ। ਉਹ ਬਾਹਰ ਨਹੀਂ ਨਿਕਲ ਸਕੇਗਾ।"

ਰਾਣੀ, ਰਾਜੇ ਦੇ ਲੱਖ ਸਮਝਾਉਣ ਤੇ ਵੀ ਨਹੀਂ ਮੰਨੀ। ਅੰਤ ਰਾਜੇ ਨੇ ਆਪਣੇ ਮੰਤਰੀ ਦੀ ਰਾਏ ਨਾਲ ਵਿਸ਼ਵਭੂਤੀ ਨੂੰ ਬਾਗ ਵਿਚੋਂ ਬਾਹਰ ਕਰਨ ਦੀ ਯੋਜਨਾ ਬਣਾਈ। ਮੰਤਰੀ ਨੇ ਕਿਸੇ ਮਨੁੱਖ ਹੱਥ, ਰਾਜੇ ਦਾ ਫਰਜੀ ਹੁਕਮ ਭੇਜਿਆ, ਜਿਸ ਵਿਚ ਵਿਸ਼ਵਭੂਤੀ ਨੂੰ ਫੌਰਨ ਜੰਗ ਲੜਨ ਲਈ ਕਿਹਾ ਗਿਆ ਸੀ। ਵਿਸ਼ਵਭੂਤੀ ਉਸ ਫਰਜੀ ਹੁਕਮ ਮੁਤਾਬਿਕ ਫੌਜਾਂ ਸਮੇਤ ਜੰਗ ਦੇ ਮੈਦਾਨ ਵਿਚ ਪਹੁੰਚ ਗਿਆ। ਪਰ ਉਸ ਨੂੰ ਕਿਸੇ ਥਾਂ ਵੀ ਦੁਸ਼ਮਨ ਦੀ ਫੌਜ ਨਜ਼ਰ ਨਹੀਂ ਆਈ। ਉਹ ਫੌਜਾਂ ਸਮੇਤ ਵਾਪਸ ਘਰ ਪਹੁੰਚਾ। ਜਦੋਂ ਉਹ ਬਾਗ ਅੰਦਰ ਜਾਣ ਲੱਗਾ ਤਾਂ ਉਸਨੂੰ ਪਤਾ ਲੱਗਾ ਕਿ ਰਾਜਕੁਮਾਰ ਵਿਸ਼ਵਨੰਦੀ ਆਪਣੇ ਪਰਿਵਾਰ ਸਮੇਤ ਬਾਗ ਵਿਚ ਠਹਿਰਿਆ ਹੋਇਆ ਹੈ।

ਵਿਸ਼ਵਭੂਤੀ ਨੂੰ ਸਾਰੀ ਗੱਲ ਸਮਝ ਆ ਗਈ ਕਿ ਯੁੱਧ ਦੇ ਬਹਾਨੇ ਉਸ ਤੋਂ ਬਾਗ ਖਾਲੀ ਕਰਵਾਇਆ ਗਿਆ ਹੈ। ਵਿਸ਼ਵਭੂਤੀ ਦੇ ਮਨ ਤੇ ਇਸ ਘਟਨਾ ਦਾ ਡੂੰਘਾ ਅਸਰ ਹੋਇਆ, ਉਸਨੇ ਸੰਸਾਰ ਤਿਆਗਨ ਦਾ ਫੈਸਲਾ ਕਰ ਲਿਆ।

ਵਿਸ਼ਵਭੂਤੀ ਨੂੰ ਆਰੀਆ ਸੰਭੂਤ ਨਾਮ ਦੇ ਸਾਧੂ ਪਾਸ ਜੈਨ (ਨਿਰਗ੍ਰੰਥ) ਸਾਧੂ ਦੀਖਿਆ ਗ੍ਰਹਿਣ ਕਰ ਲਈ।

ਰਾਜੇ ਨੇ ਆਪਣੀ ਪ੍ਰਜਾ ਸਮੇਤ, ਵਿਸ਼ਵਭੂਤੀ ਤੋਂ ਆਪਣੇ ਕੀਤੇ ਗਲਤ ਕੰਮ ਦੀ ਮੁਆਫੀ ਮੰਗੀ। ਉਸਨੇ ਵਿਸ਼ਵਭੂਤੀ ਮੁਨੀ ਨੂੰ ਮੁੜ ਘਰ ਪਰਤਣ ਲਈ ਆਖਿਆ। ਪਰ ਵਿਸ਼ਵਭੂਤੀ ਮੁਨੀ ਆਪਣੇ ਸਾਧੂ ਜੀਵਨ ਤੇ ਪਕੇ ਰਹੇ। ਤੱਪ ਕਾਰਣ ਉਨ੍ਹਾਂ ਦਾ ਸਰੀਰ ਸੁੱਕ ਗਿਆ।

ਕਿਸੇ ਸਮੇਂ ਵਿਸ਼ਵਭੂਤੀ ਮੁਨੀ ਮਹੀਨੇ ਦੀ ਤਪਸਿਆ ਦੇ ਪੂਰਨਤਾ ਲਈ ਮਥੁਰਾ ਨਗਰੀ ਵਿਚ ਘੁਮ ਰਹੇ ਸਨ। ਉਨ੍ਹਾਂ ਦਿਨਾਂ ਵਿਚ ਰਾਜ ਕੁਮਾਰ ਵਿਸ਼ਾਖਨੰਦੀ ਆਪਣੀ ਸ਼ਾਦੀ ਲਈ ਮਥੁਰਾ ਪਹੁੰਚਿਆ ਹੋਇਆ ਸੀ। ਵਿਸ਼ਾਖਨੰਦੀ ਰਾਜਕੁਮਾਰ ਨੇ ਆਦਮੀਆਂ ਨੇ ਵਿਸ਼ਵਭੂਤੀ ਮੁਨੀ ਨੂੰ ਪਛਾਣ ਲਿਆ। ਉਸ ਸਮੇਂ ਇਕ ਗਊ ਨੇ ਸਿੰਗ ਮਾਰ ਕੇ ਵਿਸ਼ਵਭੂਤੀ ਮੁਨੀ ਨੂੰ ਜਮੀਨ ਤੇ ਸੁੱਟ ਦਿੱਤਾ। ਇਹ ਸਭ ਕੁਝ ਵੇਖ ਕੇ ਵਿਸ਼ਾਖਨੰਦੀ ਬਹੁਤ ਖੁਸ਼ ਹੋਇਆ

ਅਤੇ ਆਖਣ ਲੱਗਾ " ਉਏ ਤੇਰੇ ਦਰਖਤਾਂ ਨੂੰ ਡਿਗਾਉਣ ਵਾਲਾ ਬਲ ਕਿਥੇ ਹੈ ? " ਇਹ ਗੱਲ ਸੁਣਦੇ ਹੀ ਵਿਸ਼ਵਭੂਤੀ ਮੁਨੀ ਨੂੰ ਗੁੱਸਾ ਆ ਗਿਆ । ਉਸਨੇ ਉਸ ਗਊ ਨੂੰ ਸਿੰਗਾਂ ਤੋਂ ਫੜ ਕੇ ਚੱਕਰ ਦੀ ਤਰ੍ਹਾਂ ਘੁਮਾਂਦੇ ਹੋਏ ਕਿਹਾ, " ਕਮਜੋਰ ਸ਼ੇਰ ਦੀ ਤਾਕਤ ਨੂੰ ਕਦੇ ਗਿੱਦੜ ਪਾ ਸਕਦਾ ਹੈ ?

ਵਿਸ਼ਵਭੂਤੀ ਮੁਨੀ ਨੂੰ ਗੁੱਸਾ ਇਥੇ ਹੀ ਠੰਡਾ ਨਾ ਹੋਇਆ । ਉਸ ਦੇ ਮਨ ਵਿਚ ਆਖਿਆ, " ਜੇ ਮੇਰੇ ਜਪ, ਤਪ, ਬ੍ਰਹਮਰਜ ਵਿੱਚ ਸ਼ਕਤੀ ਹੈ ਤਾਂ ਮੈਂ ਅਗਲੇ ਜਨਮ ਵਿੱਚ ਬੇਹੱਦ ਸ਼ਕਤੀਸ਼ਾਲੀ ਬਣਾਂ ।"

ਵਿਸ਼ਵਭੂਤੀ ਨੇ ਆਪਣੇ ਇਸ ਗੁਸੇ ਦਾ ਕਦੇ ਪ੍ਰਾਯਸ਼ਚਿਤ ਨਾ ਕੀਤਾ । ਅੰਤ ਵਿਚ ਸਾਧੂ ਜੀਵਨ ਪੂਰਾ ਕਰਕੇ ਉਹ ਮਹਾਸ਼ੁਕਲ ਕਲਪ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ।

## ਅਠਾਰ੍ਹਵਾਂ ਤੇ ਉਨੀਵਾਂ ਜਨਮ-

ਮਹਾਂਸ਼ੁਕਲ ਲੋਕ ਸਵਰਗ ਵਿਚੋਂ ਉਮਰ ਪੂਰੀ ਕਰਕੇ ਨਯਸਾਰ ਦਾ ਜੀਵ ਪੋਦਨਪੁਰ ਵਿਚ ਤਰਿਪ੍ਰਿਸ਼ਟ ਨਾਉ ਦੇ ਵਾਸਦੇਵ ਰੂਪ ਵਿਚ ਪੈਦਾ ਹੋਇਆ । ਪੋਦਨਪੁਰ ਦਾ ਰਾਜਾ ਪ੍ਰਜਾਪਤਿ, ਪ੍ਰਤਿਵਾਸਦੇਵ ਅਸ਼ਵਗ੍ਰੀਵ ਦੇ ਅਧੀਨ ਛੋਟਾ ਰਾਜਾ ਸੀ । ਉਸ ਦੇ ਦੋ ਪੁੱਤਰ ਹੋਏ ਇੱਕ ਅਚਲ ਦੂਸਰਾ ਤਰਿਪ੍ਰਿਸ਼ਟ ।

ਇਕ ਵਾਰ ਪੋਦਨਪੁਰ ਦੇ ਮਹਿਲਾਂ ਵਿਚ ਨਾਚ ਰੰਗ ਦੀ ਮਹਿਫਲ ਲੱਗੀ ਹੋਈ ਸੀ । ਸਾਰੇ ਲੋ ਗੀਤ ਸੁਣਨ ਵਿੱਚ ਮਸਤ ਸਨ । ਇਸ ਮਹਿਫਲ ਵਿਚਕਾਰ ਹੀ ਰਾਜਾ ਅਸ਼ਵਗ੍ਰੀਵ ਦਾ ਦੂਤ ਇਕ ਮਹਤਵਪੂਰਨ ਸੁਨੇਹਾ ਲੈ ਕੇ ਰਾਜ ਸਭਾ ਵਿਚ ਹਾਜਰ ਹੋਇਆ। ਰਾਜਾ ਪ੍ਰਜਾਪਤਿ ਨੇ ਗੀਤ ਆਦਿ ਬੰਦ ਕਰਵਾ ਕੇ ਸੁਨੇਹਾ ਸੁਣਨਾ ਸ਼ੁਰੂ ਕੀਤਾ । ਰੰਗ ਵਿਚ ਭੰਗ ਪਾਉਣ ਵਾਲੇ ਇਸ ਦੂਤ ਦਾ ਦੋਹਾਂ ਰਾਜਕੁਮਾਰਾਂ ਨੇ ਬਹੁਤ ਅਪਮਾਨ ਕੀਤਾ । ਜਦ ਰਾਜਾ ਪ੍ਰਜਾਪਤਿ ਨੂੰ ਆਪਣੇ ਰਾਜਕੁਮਾਰਾਂ ਦੀ ਇਸ ਕਾਰਵਾਈ ਦਾ ਪਤਾ ਲਗਾ ਤਾਂ ਉਸਨੇ ਉਸ ਦੂਤ ਤੋਂ ਮੁਆਫੀ ਮੰਗੀ ਅਤੇ ਉਸਨੂੰ ਬੇਨਤੀ ਕੀਤੀ " ਕਿਰਪਾ ਕਰਕੇ ਰਾਜਾ ਅਸ਼ਵਗ੍ਰੀਵ ਕੋਲ ਇਸ ਘਟਨਾ ਦਾ ਜਿਕਰ ਨਾ ਕਰਨਾ " ਪਰ ਰਾਜਾ ਅਸ਼ਵਗ੍ਰੀਵ ਨੂੰ ਇਸ ਅਪਮਾਨ ਦਾ ਪਤਾ ਲੱਗ ਚੁੱਕਾ ਸੀ । ਉਸ ਨੇ ਦੋਹਾਂ ਰਾਜਕੁਮਾਰਾਂ ਨੂੰ ਮਾਰਨ ਦਾ ਨਿਸਚਾ ਕੀਤਾ ।

ਰਾਜਾ ਅਸ਼ਵਗ੍ਰੀਵ ਨੂੰ ਕਿਸੇ ਜੋਤਸ਼ੀ ਨੇ ਕਿਸੇ ਸਮੇਂ ਆਖਿਆ ਸੀ ਕਿ " ਜੋ ਆਦਮੀ ਤੁਹਾਡੇ ਚੰਡਮੇਘ ਨਾਂ ਦੇ ਦੂਤ ਦਾ ਅਪਮਾਨ ਕਰੇਗਾ ਅਤੇ ਜੰਗਲ ਵਿਚ ਰਹਿੰਦੇ ਬਹਾਦਰ ਸ਼ੇਰ ਨੂੰ ਮਾਰੇਗਾ ਉਸ ਹਥੋਂ ਹੀ ਤੇਰੀ ਮੌਤ ਹੋਵੇਗੀ ।"

ਰਾਜਾ ਅਸ਼ਵਗ੍ਰੀਵ ਨੇ ਦੂਸਰੇ ਦੂਤ ਰਾਹੀਂ ਰਾਜਾ ਪ੍ਰਜਾਪਤਿ ਨੂੰ ਸੁਨੇਹਾ ਭੇਜਿਆ " ਤੁਸੀਂ ਸਾਡੇ ਚੌਲਾਂ ਦੇ ਖੇਤਾਂ ਦੀ ਰਾਖੀ ਕਰੋ ।" ਆਪਣੇ ਤੋਂ ਬੜੇ ਮਹਾਰਾਜ ਦਾ ਹੁਕਮ ਸੁਣ ਕੇ ਪ੍ਰਜਾਪਤਿ ਨੂੰ ਆਪਣੇ ਦੋਹਾਂ ਪੁੱਤਰਾਂ ਤੇ ਬਹੁਤ ਗੁੱਸਾ ਆਇਆ । ਪਰ ਆਖਿਰ ਵਿਚ ਉਸਨੇ ਆਪਣੇ ਦੋਹਾਂ ਪੁੱਤਰਾਂ ਨੂੰ ਖੇਤਾਂ ਦੀ ਰਖਿਆ ਕਰਨ ਲਈ ਭੇਜ ਦਿਤਾ । ਜਿਮੀਂਦਾਰ

ਨੇ ਰਾਜਕੁਮਾਰਾਂ ਨੂੰ ਦਸਿਆ ਕਿ ਜਦ ਤਕ ਫਸਲ ਨਹੀਂ ਪੱਕ ਜਾਂਦੀ, ਉਦੋਂ ਤੱਕ ਰਾਜਾ ਇਥੇ ਫੌਜ ਨਾਲ ਠਹਿਰ ਕੇ ਖੇਤਾਂ ਦੀ ਰਖਿਆ ਕਰਦਾ ਹੈ ਕਿਉਂਕਿ ਇਥੇ ਇਕ ਤਕੜਾ ਸ਼ੇਰ ਗੁਫਾ ਵਿਚ ਰਹਿੰਦਾ ਹੈ।" ਰਾਜ ਕੁਮਾਰ ਤਰਿਪ੍ਰਿਸ਼ਟ ਨੇ ਕਿਹਾ " ਇੰਨਾ ਸਮਾਂ ਇਥੇ ਕੌਣ ਰਹੇਗਾ? ਮੈਨੂੰ ਉਹ ਜਗਾ ਦੱਸ ਦੇਵੋ ਜਿਥੇ ਸ਼ੇਰ ਰਹਿੰਦਾ ਹੈ।" ਰਾਜ ਕੁਮਾਰ ਤਰਿਪ੍ਰਿਸ਼ਟ ਆਪਣੇ ਸਾਰਥੀ ਨਾਲ ਰਥ ਵਿਚ ਬੈਠ ਕੇ ਸ਼ੇਰ ਦੀ ਗੁਫਾ ਵੱਲ ਗਿਆ। ਰਾਜਕੁਮਾਰ ਨੂੰ ਵੇਖ ਕੇ ਸ਼ੇਰ ਮੁਕਾਬਲਾ ਕਰਨ ਲਈ ਗੁਫਾ ਵਿਚੋਂ ਬਾਹਰ ਆਇਆ। ਰਾਜਕੁਮਾਰ ਤਰਿਪ੍ਰਿਸ਼ਟ ਨੇ ਬੜੀ ਬਹਾਦਰੀ ਨਾਲ ਉਸ ਸ਼ੇਰ ਦਾ ਖਾਤਮਾ ਕਰ ਦਿੱਤਾ।

ਰਾਜਕੁਮਾਰ ਦੀ ਬਹਾਦਰੀ ਦੀ ਚਰਚਾ ਸਾਰੇ ਕਿਸਾਨਾਂ ਵਿਚ ਫੈਲ ਗਈ।

ਇਕ ਵਾਰ ਅਸ਼ਵਗ੍ਰੀਵ ਨੇ ਪ੍ਰਜਾਪਤਿ ਨੂੰ ਸੁਨੇਹਾ ਭੇਜਿਆ, " ਹੁਣ ਤੁਸੀਂ ਬੇਸ਼ਕ ਨਾ ਆਵੋ, ਆਪਣੇ ਪੁਤਰਾਂ ਨੂੰ ਮੇਰੀ ਸੇਵਾ ਵਿਚ ਹਾਜ਼ਰ ਕਰੋ।" ਇਸ ਵਾਰ ਵੀ ਰਾਜਕੁਮਾਰਾਂ ਨੇ ਦੂਤ ਦੀ ਬੇਇਜ਼ਤੀ ਕੀਤੀ। ਰਾਜਾ ਅਸ਼ਵਗ੍ਰੀਵ ਨੇ ਬਹੁਤ ਗੁੱਸਾ ਮਨਾਇਆ। ਰਾਜਾ ਅਸ਼ਵਗ੍ਰੀਵ ਨੇ ਰਾਜਾ ਪ੍ਰਜਾਪਤਿ ਉਪਰ ਹਮਲਾ ਕਰ ਦਿਤਾ। ਤਰਿਪ੍ਰਿਸ਼ਟ ਆਦਿ ਰਾਜ-ਕੁਮਾਰ ਫੌਜਾਂ ਲੈ ਕੇ ਯੁੱਧ ਦੇ ਮੈਦਾਨ ਵਿਚ ਪੁਜੇ। ਘਮਸਾਨ ਯੁੱਧ ਨੂੰ ਵੇਖ ਕੇ ਤਰਿਪ੍ਰਿਸ਼ਟ ਨੇ ਆਖਿਆ " ਬੇਅਰਥ ਮਨੁੱਖਾਂ ਦਾ ਖ਼ੂਨ ਵਹਾਉਣਾ ਚੰਗਾ ਨਹੀਂ ਕਿਉ ਨਾ ਅਸੀਂ ਦੋਵੇਂ ਰਾਜੇ ਮਿਲ ਕੇ ਯੁੱਧ ਕਰ ਲਈਏ, ਜੋ ਜਿਤੇਗਾ ਉਸ ਦੀ ਹੀ ਜਿੱਤ ਮੰਨ ਲਈ ਜਾਵੇਗੀ।"

ਇਸ ਵਾਰ ਅਸ਼ਵਗ੍ਰੀਵ ਤੇ ਤਰਿਪ੍ਰਿਸ਼ਟ ਵਿਚਕਾਰ ਲੜਾਈ ਹੋਈ। ਅਸ਼ਵਗ੍ਰੀਵ ਨੇ ਆਪਣਾ ਚਕਰ ਨਾਮ ਦਾ ਹਥਿਆਰ ਇਸਤੇਮਾਲ ਕੀਤਾ। ਪਰ ਸਭ ਹਥਿਆਰ ਬੇਕਾਰ ਗਏ। ਚੱਕਰ ਦਾ ਅਸਰ ਵੀ ਤਰਿਪ੍ਰਿਸ਼ਟ ਤੇ ਨਾ ਹੋਇਆ। ਉਸਨੇ ਚੱਕਰ ਨੂੰ ਕਾਬੂ ਕਰਕੇ, ਉਸੇ ਚੱਕਰ ਨਾਲ ਅਸ਼ਵਗ੍ਰੀਵ ਦਾ ਸਿਰ ਉਡਾ ਦਿੱਤਾ। ਉਸੇ ਸਮੇਂ ਅਕਾਸ਼-ਵਾਣੀ ਹੋਈ " ਤਰਿਪ੍ਰਿਸ਼ਟ ਨਾਂ ਦਾ ਵਾਸਦੇਵ ਪ੍ਰਗਟ ਹੋ ਗਿਆ ਹੈ।" ਇਸ ਪ੍ਰਕਾਰ ਤਰਿਪ੍ਰਿਸ਼ਟ ਨੇ ਅਧੇ ਭਾਰਤ ਦੇ ਰਾਜਿਆਂ ਨੂੰ ਅਧੀਨ ਕੀਤਾ।

ਉਸਨੂੰ ਸੰਗੀਤ ਸੁਨਣ ਦਾ ਬੜਾ ਸ਼ੌਕ ਸੀ। ਇਕ ਵਾਰ ਤਰਿਪ੍ਰਿਸ਼ਟ ਗੀਤ ਸੁਣ ਰਿਹਾ ਸੀ। ਸਾਰੇ ਲੋਕ ਸੰਗੀਤ ਦਾ ਸਮੂਹ ਰੂਪ ਵਿਚ ਮਜ਼ਾ ਲੈ ਰਹੇ ਸਨ। ਤਰਿਪ੍ਰਿਸ਼ਟ ਨੂੰ ਨੀਂਦ ਆਉਣ ਲੱਗੀ। ਉਸਨੇ ਆਪਣੇ ਨੌਕਰ ਨੂੰ ਕਿਹਾ " ਜਦੋਂ ਮੈਨੂੰ ਨੀਂਦ ਆ ਜਾਵੇ ਤਾਂ ਸੰਗੀਤ ਬੰਦ ਕਰਵਾ ਦੇਣਾ।" ਪਰ ਸੰਗੀਤ ਇੰਨਾ ਮਿਠਾ ਤੇ ਦਿਲ ਖਿਚਵਾਂ ਸੀ ਕਿ ਸਾਰੇ ਲੋਕ ਗੀਤ ਸੁਣਦੇ ਰਹੇ। ਨੌਕਰ ਵੀ ਤਰਿਪ੍ਰਿਸ਼ਟ ਦੇ ਹੁਕਮ ਅਨੁਸਾਰ ਗੀਤ ਬੰਦ ਕਰਵਾਉਣਾ ਭੁੱਲ ਗਿਆ। ਆਖਰ ਸਵੇਰ ਹੋ ਗਈ। ਤਰਿਪ੍ਰਿਸ਼ਟ ਨੇ ਵੇਖਿਆ ਗੀਤ ਚੱਲ ਰਿਹਾ ਹੈ। ਉਸਨੂੰ ਬਹੁਤ ਗੁੱਸਾ ਆਇਆ। ਉਸਨੇ ਨੌਕਰ ਨੂੰ ਬੁਲਾਇਆ। ਨੌਕਰ ਨੇ ਆਪਣੀ ਕਮਜੋਰੀ ਲਈ ਖਿਮਾ ਮੰਗੀ। ਪਰ ਤਰਿਪ੍ਰਿਸ਼ਟ ਨੇ ਉਸ ਨੌਕਰ ਨੂੰ ਮੁਆਫ ਨਾ ਕੀਤਾ। ਤਰਿਪ੍ਰਿਸ਼ਟ ਨੇ ਉਸਦੇ ਕੰਨਾਂ ਵਿਚ ਗਰਮ ਸ਼ੀਸ਼ਾ ਪਿਘਲਾ ਕੇ ਭਰਵਾ ਦਿਤਾ। ਇਸੇ ਭੈੜੇ ਕਰਮ ਕਰਕੇ

ਤਰਿਪ੍ਰਿਸ਼ਟ ਦੇ ਜੀਵ ਨੂੰ ਮਰਕੇ ਨਰਕ ਭੁਗਤਨਾ ਪਿਆ, ਜਿਥੇ ਉਸਦੀ ਉਮਰ 33 ਸਾਗਰੋਪਮ ਸੀ ।

## ਵੀਹਵਾਂ, ਇਕੀਵਾਂ ਅਤੇ ਬਾਈਵਾਂ ਜਨਮ–

ਇਸ ਨਰਕ ਵਿਚੋਂ ਨਿਕਲ ਕੇ ਨਯਸਾਰ ਦਾ ਜੀਵ ਸ਼ੇਰ ਦੇ ਰੂਪ ਵਿਚ ਪੈਦਾ ਹੋਇਆ । ਮਰਕੇ ਫੇਰ ਨਰਕ ਵਿਚ ਪੈਦਾ ਹੋਇਆ । ਨਰਕ ਵਿਚੋਂ ਨਿਕਲ ਕੇ ਨਯਸਾਰ ਦਾ ਜੀਵ ਅਨੰਤ ਸਮੇਂ ਸੰਸਾਰ ਵਿਚ ਭਟਕਦਾ ਰਿਹਾ ਅਤੇ ਆਖਿਰ ਵਿਚ ਮਨੁੱਖ ਦੇ ਰੂਪ ਵਿਚ ਪੈਦਾ ਹੋਇਆ ।

## ਤੇਈਵਾਂ ਅਤੇ ਚੌਵੀਵਾਂ ਜਨਮ–

ਤੇਈਵੇਂ ਜਨਮ ਵਿੱਚ ਨਯਸਾਰ ਦਾ ਜੀਵ ਪੱਛਮ ਵਿਦੇਹ ਦੀ ਮੋਕਾ ਨਗਰੀ ਵਿਖੇ ਪ੍ਰਿਯ ਮਿਤਰ ਚਕਰਵਰਤੀ ਦੇ ਰੂਪ ਵਿਚ ਪੈਦਾ ਹੋਇਆ । ਉਸ ਨੇ ਅੰਤ ਸਮੇਂ ਪ੍ਰੋਰਸਟਲਾ ਅਚਾਰੀਆ ਤੋਂ ਨਿਰਗ੍ਰੰਥ ਜੈਨ ਸਾਧੂ ਦੀ ਦੀਖਿਆ ਗ੍ਰਹਿਣ ਕੀਤੀ । ਇਥੇ ਉਸਦੀ ਉਮਰ 84 ਲੱਖ ਪੂਰਵ ਹੈ । ਇਥੇ ਇਹ ਜਨਮ ਪੂਰਾ ਕਰਕੇ ਨਯਸਾਰ ਦਾ ਜੀਵ ਮਹਾਸ਼ੁਕਲ ਦੇ ਸਰਵਾਰਥ ਸਿੱਧ ਨਾਉ ਦੇ ਵਿਮਾਨ ਵਿੱਚ ਦੇਵਤਾ ਰੂਪ ਵਿਚ ਪੈਦਾ ਹੋਇਆ ।

## ਪੱਚੀਵਾਂ ਅਤੇ ਛਬੀਵਾਂ ਜਨਮ–

ਸਰਵਾਰਥ ਸਿੱਧ ਵਿਮਾਨ ਦੀ ਦੇਵਤੇ ਦੀ ਉਮਰ ਪੂਰੀ ਕਰਕੇ ਨਯਸਾਰ ਦਾ ਜੀਵ ਜਿੱਤਸ਼ਤਰੂ ਰਾਜੇ ਦੇ ਘਰ ਰਾਜਕੁਮਾਰ ਦੇ ਰੂਪ ਵਿਚ ਪੈਦਾ ਹੋਇਆ । ਇਥੇ ਇਸਦਾ ਨਾਂ ਨੰਦਨ ਕੁਮਾਰ ਸੀ । 84 ਲੱਖ ਸਾਲ ਰਾਜ ਕਰਨ ਤੋਂ ਬਾਅਦ ਮਹਾਰਾਜ ਨੰਦਨ ਕੁਮਾਰ ਨੇ ਪ੍ਰੋਰਸਟਲਾ ਅਚਾਰੀਆ ਪਾਸ ਨਿਰਗ੍ਰੰਥ ਜੈਨ ਦੀਖਿਆ ਗ੍ਰਹਿਣ ਕੀਤੀ । ਨੰਦਨ ਮੁਨੀ ਨੇ ਮਹੀਨੇ ਮਹੀਨੇ ਦੀਆਂ ਲੰਬੀਆਂ ਤੱਪੀਸਿਆ ਕੀਤੀਆਂ । ਤੀਰਥੰਕਰ ਗੋਤ ਦੇ 20 ਗੁਣਾਂ ਦੀ ਯੋਗ ਭਗਤੀ ਕੀਤੀ । ਇਸ ਜਨਮ ਵਿਚ ਨਯਸਾਰ ਦੇ ਜੀਵ ਨੇ ਤੀਰਥੰਕਰ ਗੋਤਰ ਦੀ ਪ੍ਰਾਪਤੀ ਕੀਤੀ ।

ਅੰਤ ਵਿਚ ਉਸਨੇ 2 ਮਹੀਨੇ ਦੀ ਤਪਸਿਆ ਕਰਕੇ ਸਮਾਧੀ ਪੂਰਵਕ ਸ਼ਰੀਰ ਤਿਆਗ ਦਿਤਾ । ਇਥੋਂ ਚੱਲ ਕੇ ਨਯਸਾਰ ਦਾ ਜੀਵ ਪ੍ਰਾਣਤ ਕਲਪ ਦੇ ਪੁਸ਼ਪੋਤਰ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ ।

## ਸਤਾਈਵਾਂ ਜਨਮ–

ਪ੍ਰਾਣਤ ਦੇਵ ਲੋਕ ਵਿੱਚ ਦੇਵ ਸੁੱਖ ਭੋਗ ਕੇ ਨਯਸਾਰ ਦਾ ਜੀਵ ਬ੍ਰਾਹਮਣ ਕੁੰਡ ਗ੍ਰਾਮ ਵਿਖੇ ਪੈਦਾ ਹੋਇਆ । ਇਸਦੀ ਮਾਤਾ ਦਾ ਨਾਂ ਦੇਵਾਨੰਦਾ ਬ੍ਰਾਹਮਣੀ ਅਤੇ ਪਿਤਾ ਰਿਸ਼ਵਦੇਵ ਬ੍ਰਾਹਮਣ ਸੀ । ਇਹ ਆਪਣੀ ਮਾਤਾ ਦੇ ਗਰਭ ਵਿਚ 82 ਦਿਨ ਰਹੇ । ਨਯਸਾਰ ਦੇ ਜੀਵ ਨੇ ਤੀਸਰੇ ਜਨਮ ਵਿਚ ਜੋ ਜਾਤ, ਕੁਲ ਦਾ ਅਭਿਮਾਨ ਕੀਤਾ ਸੀ ਉਸਦੇ ਸਿਟੇ

ਵਜੋਂ ਉਨ੍ਹਾਂ ਨੂੰ ਬ੍ਰਾਹਮਣ ਕੁਲ ਵਿਚ ਜਨਮ ਲੈਣਾ ਪਿਆ । ਜੋ ਤੀਰਥੰਕਰ ਪਰੰਪਰਾ ਦੇ ਉਲਟ ਸੀ । ਕਿਉਂਕਿ ਤੀਰਥੰਕਰ ਹਮੇਸ਼ਾਂ ਖੱਤਰੀ ਕੁੱਲ ਵਿੱਚ ਪੈਦਾ ਹੁੰਦੇ ਹਨ । ਜਦੋਂ ਨਯਸਾਰ ਦਾ ਜੀਵ ਗਰਭ ਵਿੱਚ ਆਇਆ ਤਾਂ ਉਸਦੀ ਮਾਤਾ ਨੇ ਵੀ ਤੀਰਥੰਕਰ ਦੀ ਮਾਤਾ ਵਾਲੇ 14 ਸੁਪਨੇ ਵੇਖੇ । ਜਦ ਸਵਰਗ ਦੇ ਰਾਜੇ ਇੰਦਰ ਨੇ ਆਪਣੇ ਗਿਆਨ ਨਾਲ ਵੇਖਿਆ ਤਾਂ ਉਸਨੂੰ ਇਸ ਅਚੰਭੇ ਤੇ ਹੈਰਾਨੀ ਹੋਈ । ਉਸਨੇ ਆਪਣੇ ਦੇਵਤੇ ਹਰਿਨੇਗਮੇਸ਼ੀ ਨੂੰ ਨਯਸਾਰ ਦਾ ਜੀਵ ਦਾ ਗਰਭ ਬਦਲਣ ਦਾ ਹੁਕਮ ਦਿਤਾ । ਅਜਿਹਾ ਕਰਨ ਤੋਂ ਪਹਿਲਾਂ ਹਰਿਨੇਗਮੇਸ਼ੀ ਦੇਵਤੇ ਨੇ ਭਗਵਾਨ ਮਹਾਵੀਰ ਦੇ ਜੀਵ ਨੂੰ ਪਹਿਲਾ ਨਮਸਕਾਰ ਕੀਤਾ । ਨਮਸਕਾਰ ਕਰਕੇ ਦੋਵੇਂ ਮਾਤਾਵਾਂ ਨੇ ਬਨਾਵਟੀ ਨੀਂਦ ਨਾਲ ਸੁਲਾ ਦਿਤਾ । ਫੇਰ ਬੜੇ ਆਰਾਮ ਨਾਲ, ਉਸ ਗਰਭ ਨੂੰ ਦੇਵਾਨੰਦਾ ਬ੍ਰਾਹਮਣੀ ਤੋਂ ਬਦਲ ਕੇ ਕੁੰਡਲਪੁਰ ਦੇ ਰਾਜੇ ਸਿਧਾਰਥ ਦੀ ਮਹਾਰਾਣੀ ਤ੍ਰਿਸ਼ਲਾ ਦੇ ਗਰਭ ਵਿੱਚ ਰੱਖ ਦਿੱਤਾ ।

## ਦਿਗੰਬਰ ਪਰੰਪਰਾ–

ਪ੍ਰਸਿੱਧ ਦਿਗੰਬਰ ਜੈਨ ਅਚਾਰੀਆ ਗੁਣਭੱਦਰ ਨੇ ਭਗਵਾਨ ਮਹਾਵੀਰ ਦੇ ਪਿਛਲੇ 34 ਜਨਮਾਂ ਦਾ ਵਰਨਣ ਕੀਤਾ ਹੈ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

1. ਪੁਰੁਰਵਾ ਭੀਲ
2. ਸੋਧਰਮ ਦੇਵਤਾ
3. ਮਰਿਚਿ
4. ਬ੍ਰਹਮ ਦੇਵਤਾ
5. ਜਟਿਲ ਪਰਿਵਰਾਜਕ
6. ਸੋਧਰਮ ਦੇਵ
7. ਪੁਸ਼ਯਮਿਤਰ ਪਰਿਵਰਾਜਕ
8. ਸੋਧਰਮ ਦੇਵ
9. ਅਗਨੀਵਸ ਪਰਿਵਰਾਜਕ
10. ਸਨਤ ਕੁਮਾਰ ਦੇਵ
11. ਅਗਨੀਮਿਤਰ ਪਰਿਵਰਾਜਕ
12. ਮਹੇਂਦਰ ਦੇਵ
13. ਭਾਰਦਵਾਜ ਪਰਿਵਰਾਜਕ
14. ਮਹੇਂਦਰ ਦੇਵ
15. ਪਸ਼ੂ ਪੰਛੀਆਂ ਦੇ ਅਨੇਕਾਂ ਜਨਮ-ਮਰਨ
16. ਸਥਾਵਰ ਪਰਿਵਰਾਜਕ
17. ਮਹੇਂਦਰ ਦੇਵ
18. ਵਿਸ਼ਵਨੰਦੀ ਰਾਜਕੁਮਾਰ ਬਣਕੇ ਜੈਨ ਸਾਧੂ ਬਣਨਾ
19. ਮਹਾਸ਼ਕਰ ਦੇਵ
20. ਤਰਿਪ੍ਰਿਸ਼ਟ ਵਾਸੂਦੇਵ
21. ਸਤਵੀਂ ਨਰਕ ਵਿਚ ਪੈਦਾ ਹੋਣਾ
22. ਸ਼ੇਰ ਦੇ ਰੂਪ ਵਿੱਚ ਪੈਦਾ ਹੋਣਾ
23. ਪਹਿਲੀ ਨਰਕ ਵਿੱਚ ਪੈਦਾ ਹੋਣਾ
24. ਸ਼ੇਰ ਦੇ ਰੂਪ ਵਿਚ ਪੈਦਾ ਹੋਣਾ ਅਤੇ ਚਾਰਣ ਮੁਨੀ ਦੀ ਪ੍ਰੇਰਨਾ ਨਾਲ ਸ਼੍ਰਾਵਕ ਦੇ ਵਰਤ ਗ੍ਰਹਿਣ ਕਰਕੇ ਹਿੰਸਾ ਦਾ ਤਿਆਗਣਾ
25. ਸੋਧਰਮ ਦੇਵ
26. ਕਨਕੋਉਜਵੱਲ ਵਿਦਿਆਧਰ ਬਣਕੇ ਜੈਨ ਸਾਧੂ ਬਣਨਾ
27. ਸਤਵੇਂ ਸਵਰਗ ਵਿਚ ਦੇਵਤਾ ਬਣਨਾ

28. ਹਰੀਸ਼ੇਨ ਬਣਕੇ ਜੈਨ ਸਾਧੂ ਵਰਤ ਦਾ ਪਾਲਨ ਕਰਨਾ
29. ਮਹਾਸ਼ੁਕਰ ਦੇਵ
30. ਪ੍ਰਿਆਵਰਤ ਚੱਕਰਵਰਤੀ ਬਣਕੇ ਸਾਧੂ ਬਣਨਾ
31. ਸਹਸਤਾਰ ਕਲਪ ਸਵਰਗ ਵਿੱਚ ਸੂਰਿਆਪ੍ਰਭ ਦੇ ਰੂਪ ਵਿਚ ਪੈਦਾ ਹੋਣਾ
32. ਨੰਦ ਬਣ ਕੇ ਜੈਨ ਸਾਧੂ ਬਣਨਾ
33. ਅਚਯੂਤ ਸਵਰਗ ਵਿਚ ਪੁਸ਼ਪੋਤਰ ਵਿਮਾਨ ਵਿਚ ਦੇਵ ਰੂਪ ਵਿਚ ਪੈਦਾ ਹੋਣਾ ।
34. ਤ੍ਰਿਸ਼ਲਾ ਰਾਣੀ ਅਤੇ ਸਿਧਾਰਥ ਰਾਜਾ ਦੇ ਘਰ ਵਰਧਮਾਨ ਰੂਪ ਵਿਚ ਪੈਦਾ ਹੋਣਾ ।

ਸ਼ਵੇਤਾਂਬਰ ਅਤੇ ਦਿਗੰਬਰ ਪਰੰਪਰਾ ਵਿਚ ਗਿਣਤੀ ਤੋਂ ਛੁੱਟ ਮਹਾਵੀਰ ਦੇ ਪਿਛਲੇ ਇਕ ਜਨਮ ਦਾ ਫਰਕ ਹੀ ਜਾਪਦਾ ਹੈ ਦੇਵਾਨੰਦਨੀ ਬ੍ਰਾਹਮਣੀ ਦੀ ਕੁੱਖ ਵਿੱਚ 84 ਦਿਨ ਰਹਿਣਾ । ਇਸ ਤੋਂ ਛੁੱਟ ਦੋਹਾਂ ਪਰੰਪਰਾ ਵਿੱਚ ਹੋਰ ਕੋਈ ਮੁੱਖ ਫਰਕ ਨਹੀਂ ।

ਪਹਿਲੇ ਜਨਮ ਵਿਚ ਦਿਗੰਬਰ ਪ੍ਰੰਪਰਾ ਅਨੁਸਾਰ ਮਹਾਵੀਰ ਦਾ ਜੀਵ ਪੁਰਰਵਾਂ ਭੀਲ ਸੀ । ਜੋ ਭੀਲਾਂ ਦਾ ਰਾਜਾ ਸੀ । ਮਾਸ ਹੀ ਉਸ ਦਾ ਭੋਜਨ ਸੀ । ਇਕ ਵਾਰ ਮੁਨੀ ਦੀ ਪ੍ਰੇਰਣਾ ਨਾਲ ਉਸਨੇ ਸਿਰਫ ਕੋਂ ਦੇ ਮਾਸ ਦਾ ਤਿਆਗ ਕਰ ਦਿੱਤਾ । ਇਕ ਵਾਰ ਬੀਮਾਰ ਹੋ ਜਾਣ ਤੇ ਵੈਦ ਨੇ ਉਸ ਨੂੰ ਕੋਂ ਦਾ ਮਾਸ ਖਾਣ ਦੀ ਹਿਦਾਇਤ ਕੀਤੀ, ਪਰ ਪੁਰਰਵਾ ਭੀਲ ਆਪਣੇ ਨਿਯਮ ਤੇ ਪੱਕਾ ਰਿਹਾ । ਉਸ ਨੇ ਆਪਣੀ ਪ੍ਰਤੀਗਿਆ ਨਿਭਾਉਂਦੇ ਹੋਏ, ਮਰਨਾ ਕਬੂਲ ਕਰ ਲਿਆ, ਪਰ ਆਪਣਾ ਧਰਮ ਨਹੀਂ ਛਡਿਆ ।

ਭਾਗ ਦੂਜਾ

# ਭਗਵਾਨ ਮਹਾਵੀਰ ਤੋਂ ਪਹਿਲਾਂ ਭਾਰਤੀ ਸਮਾਜ

ਭਾਰਤੀ ਇਤਿਹਾਸ, ਧਰਮ ਅਤੇ ਸਮਾਜ ਵਿੱਚ ਅੱਜ ਤੋਂ 2500 ਸਾਲ ਪਹਿਲਾਂ ਦਾ ਸਮਾਜ ਕਾਫੀ ਹਨੇਰ ਪੂਰਨ ਰਿਹਾ ਹੈ । ਇਤਿਹਾਸਕ ਪੱਖ ਤੋਂ ਇਸ ਸਮੇਂ ਭਾਰਤ ਦੇ ਕਈ ਮਹਾਨ ਪੁਰਸ਼ਾਂ ਦਾ ਜਨਮ ਹੋਇਆ । ਜਿਨ੍ਹਾਂ ਵਿਚ ਭਗਵਾਨ ਮਹਾਵੀਰ, ਮਹਾਤਮਾ ਬੁੱਧ ਆਦਿ ਦੇ ਨਾਉ ਪ੍ਰਸਿੱਧ ਹਨ । ਜਿਨ੍ਹਾਂ ਉਸ ਸਮੇਂ ਦੀ ਧਾਰਮਿਕ ਅਤੇ ਦਾਰਸ਼ਨਿਕ ਵਿਚਾਰਧਾਰਾ ਵਿਚ ਮਹੱਤਵਪੂਰਨ ਹਿਸਾ ਪਾਇਆ ।

ਉਸ ਸਮੇਂ ਪੁਰਾਤਨ ਭਾਰਤੀ ਧਰਮ ਵੇਦਾਂ ਤੇ ਅਧਾਰਿਤ ਯੱਗਾਂ ਉਪਰ ਸੀ । ਇਨ੍ਹਾਂ ਯੱਗਾਂ ਵਿਚ ਲੱਖਾਂ ਪਸ਼ੂਆਂ ਦੀਆਂ ਬਲੀਆਂ ਦਿਤੀਆਂ ਜਾਂਦੀਆਂ ਸਨ । ਭਾਰਤੀ ਸਮਾਜ ਚਾਰ ਵਰਨਾਂ ਵਿਚ ਵੰਡਿਆ ਹੋਇਆ ਸੀ । ਇਹ ਵਰਣ ਸਨ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ । ਬ੍ਰਾਹਮਣ ਉਸ ਸਮੇਂ ਦੇ ਸਮਾਜ ਵਿੱਚ ਪ੍ਰਮੁਖ ਸਥਾਨ ਰਖਦਾ ਸੀ । ਵੇਦ ਪੜ੍ਹਨ, ਦਾਨ ਲੈਣ, ਸਾਰੇ ਧਾਰਮਿਕ ਸੰਸਕਾਰ ਕਰਨ ਦਾ ਅਧਿਕਾਰ ਵੀ ਇਸ ਬ੍ਰਾਹਮਣ ਵਰਗ ਕੋਲ ਸੀ । ਖੱਤਰੀ ਦਾ ਕੰਮ ਦੇਸ਼ ਦੀ ਰਾਖੀ ਕਰਨਾ, ਵੈਸ਼ ਦਾ ਕੰਮ ਖੇਤੀ, ਵਿਉਪਾਰ ਅਤੇ ਪਸ਼ੂ ਪਾਲਨ ਕਰਨਾ ਅਤੇ ਸ਼ੂਦਰ ਦਾ ਕੰਮ ਉਪਰਲੇ ਤਿੰਨ ਵਰਗਾਂ ਦੀ ਸੇਵਾ ਕਰਨਾ ਹੁੰਦਾ ਸੀ। ਸ਼ੂਦਰ ਨੂੰ ਹਰ ਪਖੋਂ ਨੀਵਾਂ ਮੰਨਿਆ ਜਾਂਦਾ ਸੀ । ਉਸਨੂੰ ਕਿਸੇ ਵੀ ਧਾਰਮਿਕ ਕੰਮ ਕਰਨ ਦਾ ਅਧਿਕਾਰ ਹੁੰਦਾ ਸੀ । ਜੇ ਸ਼ੂਦਰ ਵੇਦ ਪੜ੍ਹਦਾ ਫੜਿਆ ਜਾਂਦਾ ਸੀ ਤਾਂ ਉਸਦੀ ਜੀਭ ਕੱਟਣ ਦੀ ਸਜ਼ਾ ਸੀ ਜੇ ਸ਼ੂਦਰ ਵੇਦ ਸੁਣਦਾ ਫੜਿਆ ਜਾਂਦਾ ਤਾਂ ਉਸ ਦੇ ਕੰਨਾਂ ਵਿੱਚ ਸ਼ੀਸ਼ਾ ਪਿਘਲਾ ਕੇ ਪਾ ਦਿਤਾ ਜਾਂਦਾ । ਸ਼ੂਦਰ ਨੂੰ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਤੇ ਸਮਾਜਿਕ ਅਧਿਕਾਰ ਨਹੀਂ ਸੀ ।

ਇਸਤਰੀ ਸਮਾਜ ਦੀ ਹਾਲਤ ਵੀ ਉਸ ਸਮੇਂ ਕਾਫੀ ਖਰਾਬ ਸੀ । ਸ਼ੂਦਰਾਂ ਦੀ ਤਰ੍ਹਾਂ ਇਸਤਰੀਆਂ ਨੂੰ ਵੀ ਵੇਦ ਪੜ੍ਹਨ ਦਾ ਕੋਈ ਹੱਕ ਨਹੀਂ ਸੀ । ਇਸਤਰੀਆਂ ਨੂੰ ਭੋਗ ਵਿਲਾਸ ਦੀ ਸੱਮਗਰੀ ਸਮਝਿਆ ਜਾਂਦਾ ਸੀ । ਬੜੇ ਬੜੇ ਸ਼ਹਿਰਾਂ ਵਿੱਚ ਸ਼ੂਦਰਾਂ, ਦਾਸਾਂ ਅਤੇ ਇਸਤਰੀਆਂ ਦੀਆਂ ਮੰਡੀਆਂ ਲਗਦੀਆਂ ਸਨ । ਪਸ਼ੂਆਂ ਅਤੇ ਇਸਤਰੀਆਂ ਵਿੱਚ ਕੋਈ ਅੰਤਰ ਨਹੀਂ ਸੀ ਮੰਨਿਆ ਜਾਂਦਾ । ਇਸਤਰੀ, ਪਸ਼ੂ ਤੋਂ ਸ਼ੂਦਰਾਂ ਨੂੰ ਕੋਈ ਆਜ਼ਾਦੀ ਨਹੀਂ ਸੀ।

ਉਸ ਸਮੇਂ ਦਾ ਧਰਮ, ਕਰਮ ਕਾਂਡਾਂ ਤੇ ਆਧਾਰਿਤ ਸੀ । ਧਰਮ ਦਾ ਮੂਲ ਉਦੇਸ਼ ਗੁੰਮ ਹੋ ਚੁੱਕਾ ਸੀ । ਭਗਵਾਨ ਪਾਰਸ਼ਨਾਥ ਦਾ ਪ੍ਰਾਚੀਨ ਜੈਨ ਧਰਮ ਬਿਖਰ ਚੁੱਕਾ ਸੀ । ਇਸ ਪਰੰਪਰਾ ਦੇ ਸਾਧੂ ਤੇ ਸਾਧਵੀਆਂ ਆਪਣੇ ਧਰਮ ਤੇ ਦਰਸ਼ਨ ਨੂੰ ਭੁਲ ਚੁਕੇ ਸਨ ।

ਰਾਜਨੀਤਿਕ ਖੇਤਰ ਵਿਚ ਵੀ ਬ੍ਰਾਹਮਣ ਵਰਗ ਦਾ ਖੱਤਰੀਆਂ ਤੇ ਕਾਫੀ ਪ੍ਰਭਾਵ ਸੀ । ਉਸ ਸਮੇਂ ਭਾਰਤ ਵਿਚ ਦੋ ਤਰ੍ਹਾਂ ਦੀਆਂ ਰਾਜ ਪ੍ਰਣਾਲੀਆਂ ਸਨ । ਰਾਜ ਤੰਤਰ ਅਤੇ ਗਣਤੰਤਰ ।

ਅੰਗ, ਮਘਧ, ਵਤਸ਼, ਦਸਾਰਣ, ਅਵੰਤੀ, ਸਿੰਧੂ ਆਦਿ ਅਨੇਕ ਦੇਸ਼ਾਂ ਵਿਚ ਰਾਜਤੰਤਰ ਪ੍ਰਣਾਲੀ ਲਾਗੂ ਸੀ । ਕਾਂਸੀ, ਕੌਸ਼ਲ, ਵਿਦੇਹ ਆਦਿ ਅਨੇਕਾਂ ਦੇਸ਼ਾਂ ਵਿੱਚ ਗਣਤੰਤਰ ਪ੍ਰਣਾਲੀ ਸੀ । ਇਨ੍ਹਾਂ ਦੇਸ਼ਾਂ ਦੇ ਰਾਜੇ ਨਾਮ ਮਾਤਰ ਦੇ ਹੀ ਰਾਜਾ ਨਹੀਂ ਸਨ । ਅਸਲ ਵਿੱਚ ਇਥੋਂ ਦਾ ਰਾਜ ਪ੍ਰਬੰਧ ਹਰ ਜਾਤੀ ਦੇ ਮੁਖੀ ਦੇ ਹੱਥ ਵਿੱਚ ਹੁੰਦਾ ਸੀ । ਇਸ ਮੁਖੀ ਨੂੰ ਗਣਰਾਜ ਜਾਂ ਰਾਜਾ ਆਖਦੇ ਸਨ । ਦੇਸ਼ ਦੇ ਹਰ ਕੰਮਾਂ ਵਿਚ ਗਣਰਾਜਿਆਂ ਦੀ ਮਦਦ ਲਈ ਜਾਂਦੀ ਸੀ । ਲੜਾਈ ਦੇ ਸਮੇਂ ਇਹ ਰਾਜੇ ਇਕਠੇ ਹੁੰਦੇ ਸਨ ਅਤੇ ਆਪਣੇ ਬੜੇ ਮੁਖੀਆਂ ਦੀ ਇਜਾਜਤ ਬਿਨਾਂ, ਕੋਈ ਵੀ ਕਦਮ ਨਹੀਂ ਸੀ ਪੁੱਟਦੇ ।

ਉਸ ਸਮੇਂ ਵਿਦੇਹ ਦੇਸ਼ ਦੀ ਰਾਜਧਾਨੀ ਵੈਸ਼ਾਲੀ ਸੀ । ਇਸ ਵਿਦੇਹ ਗਣਤੰਤਰ ਦੇ ਚੁਣੇ ਮੁਖੀਆਂ ਦਾ ਨਾਮ ਚੇਟਕ ਸੀ । ਜੋ ਭਗਵਾਨ ਪਾਰਸ਼ਵ ਨਾਥ ਅਤੇ ਜੈਨ ਧਰਮ ਦਾ ਕੱਟੜ ਉਪਾਸਕ ਸੀ । ਇਸ ਵੈਸ਼ਾਲੀ ਦੇ ਕਈ ਉਪਨਗਰ ਸਨ ।

ਇਸ ਚੇਟਕ ਰਾਜੇ ਦੇ 7 ਪੁੱਤਰੀਆਂ ਸਨ । (1) ਮਿਰਗਾਵਤੀ (2) ਪਦਮਾਵਤੀ (3) ਸੁਜ਼ੇ ਸਠਾ (4) ਚੇਲਣਾ (5) ਸ਼ਿਵਾ (6) ਪ੍ਰਭਾਵਤੀ (7) ਜੇਸ਼ਠਾ । ਵੈਸ਼ਾਲੀ ਗਣਤੰਤਰ ਵਿਚ ਲਿਛਵੀਆਂ ਜਾਤੀ ਦਾ ਰਾਜ ਸੀ । ਜਿਨ੍ਹਾਂ ਦੀਆਂ ਕਈ ਉਪ-ਸ਼ਾਖਾਵਾਂ ਸਨ ।

ਮਹਾਰਾਜਾ ਚੇਟਕ ਨੇ ਆਪਣੀਆਂ ਪੁੱਤਰੀਆਂ ਦੇ ਵਿਆਹ ਕਈ ਬਹਾਦਰ ਤੇ ਇਤਿਹਾਸਕ ਰਾਜਿਆਂ ਨਾਲ ਕੀਤੇ ਸਨ । ਉਨ੍ਹਾਂ ਦੀ ਸਭ ਤੋਂ ਛੋਟੀ ਭੈਣ ਤ੍ਰਿਸ਼ਲਾ ਦਾ ਵਿਆਹ ਖਤਰੀ ਕੁੰਡ ਗ੍ਰਾਮ ਦੇ ਰਾਜੇ ਸਿਧਾਰਥ ਨਾਲਹੋਇਆ ਸੀ । ਜੋ ਲਿਛਵੀਆਂ ਦੀ ਗਿਆਤ ਨਾਉ ਦੀ ਜਾਤੀ ਦਾ ਮੁਖੀਆ ਸੀ । ਇਸ ਪ੍ਰਕਾਰ ਭਗਵਾਨ ਮਹਾਵੀਰ ਦਾ ਮਾਮਾ ਸ਼ਕਤੀਸ਼ਾਲੀ ਵੈਸ਼ਾਲੀ ਗਣਰਾਜ ਦਾ ਮੁਖੀਆ ਸੀ ।[1] ਮਹਾਰਾਜ ਸਿਧਾਰਥ ਦੇ ਬੜੇ ਪੁੱਤਰ ਦਾ ਨਾਉ ਨੰਦੀਵਰਧਨ ਸੀ ਅਤੇ ਪੁਤਰੀ ਦਾ ਨਾਉ ਸੁਦਰਸ਼ਨਾ ਸੀ । ਖਤਰੀ ਕੁੰਡ ਗਰਾਮ ਵਿਚ ਇਹ ਰਾਜ ਪਰਿਵਾਰ ਇੱਕ ਆਦਰਸ਼ ਪਰਿਵਾਰ ਸੀ । ਰਾਜਾ ਸਿਧਾਰਥ ਵੀ ਭਗਵਾਨ ਰਿਸ਼ਵਦੇਵ ਤੇ ਭਗਵਾਨ ਪਾਰਸ਼ਵ ਨਾਥ ਤੱਕ ਦੀ ਸਾਰੇ ਤੀਰਥੰਕਰਾਂ ਦੀ ਸ਼੍ਰਮਣ ਪ੍ਰੰਪਰਾ ਦਾ

1. ਦਿਗੰਬਰ ਜੈਨ ਪ੍ਰੰਪਰਾ ਵਿਚ ਮਹਾਰਾਜਾ ਚੇਟਕ ਨੂੰ ਭਗਵਾਨ ਮਹਾਵੀਰ ਦਾ ਨਾਨਾ ਮੰਨਿਆ ਗਿਆ ਹੈ ਅਤੇ ਮਹਾਰਾਣੀ ਤ੍ਰਿਸ਼ਲਾ ਨੂੰ ਮਹਾਰਾਜ ਚੇਟਕ ਦੀ ਪੁੱਤਰੀ ਕਿਹਾ ਗਿਆ ਹੈ। ਸ਼ਵੇਤਾਂਬਰ ਪ੍ਰੰਪਰਾ ਭਗਵਾਨ ਮਹਾਵੀਰ ਦਾ ਜਨਮ ਸਥਾਨ ਲਛਵਾੜ ਮੰਨਦੀ ਹੈ। ਪੰ. ਹੀਰਾ ਲਾਲ ਦੁਗੜ ਅਨੁਸਾਰ 1200 ਸਾਲ ਤੋਂ ਜੈਨ ਮੁਨੀ ਇਸ ਤੀਰਥ ਦੀ ਯਾਤਰਾ ਕਰਦੇ ਰਹੇ ਹਨ । ਵੈਸ਼ਾਲੀ ਵਿਚ ਭਗਵਾਨ ਮਹਾਵੀਰ ਸਬੰਧੀ ਕੋਈ ਸਾਮਗਰੀ ਨਹੀਂ ਮਿਲਦੀ। ਪੁਰਾਤੱਤਵ ਅਤੇ ਆਸ ਪਾਸ ਦੀਆਂ ਮਾਨਤਾਵਾਂ ਇਹੋ ਸਿੱਧ ਕਰਦੀਆਂ ਹਨ

ਉਪਾਸਕ ਸੀ । ਮਹਾਰਾਣੀ ਤ੍ਰਿਸ਼ਲਾ ਵੀ ਆਪਣੇ ਭਰਾ ਅਤੇ ਪਤੀ ਤੋਂ ਪਿਛੇ ਨਹੀਂ ਸੀ । ਉਹ ਹਰ ਰੋਜ ਤੀਰਥੰਕਰਾਂ ਦਾ ਗੁਣਗਾਨ ਕਰਦੀ ਅਤੇ ਸ੍ਰੀ ਸੰਘ ਦੀ ਸੇਵਾ ਵਿੱਚ ਸਮਾਂ ਗੁਜਾਰਦੀ ਸੀ ।

ਮਹਾਰਾਣੀ ਤ੍ਰਿਸ਼ਲਾ ਦੇ ਸ਼ਾਸ਼ਤਰਾਂ ਵਿਚ ਦੋ ਨਾਉ ਹੋਰ ਮਿਲਦੇ ਹਨ ।

(1) ਵਿਦੇਹਦਿਨਾ (2) ਪ੍ਰਿਆਕਾਰਣੀ

ਇਸੇ ਪ੍ਰਕਾਰ ਮਹਾਰਾਜਾ ਸਿਧਾਰਥ ਦੇ ਸ਼ਰੇਆਮ ਤੇ ਯਸ਼ਸਵੀ ਦੋ ਹੋਰ ਨਾਉ ਮਿਲਦੇ ਹਨ ।

## ਭਗਵਾਨ ਮਹਾਵੀਰ ਦਾ ਜਨਮ-

ਆਧੁਨਿਕ ਇਤਿਹਾਸਕਾਰ ਭਗਵਾਨ ਮਹਾਵੀਰ ਦਾ ਜਨਮ ਸਥਾਨ ਖੱਤਰੀ ਕੁੰਡ ਗ੍ਰਾਮ ਮੰਨਦੇ ਹਨ । ਜੋ ਕਿ ਬਿਹਾਰ ਪ੍ਰਾਂਤ ਮੁਜੱਫਰ ਪੁਰ ਜ਼ਿਲੇ ਵਿਚ ਵੈਸ਼ਾਲੀ ਕਸਬੇ ਤੋਂ ਦੋ ਕਿਲੋਮੀਟਰ ਦੂਰ ਹੈ। ਆਪ ਦੇ ਜਨਮ ਤੋਂ ਪਹਿਲਾਂ ਆਪ ਜੀ ਦੀ ਮਾਤਾ ਨੇ 14 ਸ਼ੁਭ ਸੁਪਨੇ ਵੇਖੇ ਜੋ ਕਿ ਤੀਰਥੰਕਰ ਅਤੇ ਚਕਰਵਰਤੀ ਦੀ ਮਾਂ ਹੀ ਵੇਖਦੀ ਹੈ । ਇਹ ਸ਼ੁਭ ਸੁਪਨੇ ਇਸ ਪ੍ਰਕਾਰ ਹਨ ।

(1) ਹਾਥੀ (2) ਬਲਦ (3) ਸ਼ੇਰ (4) ਲੱਛਮੀ (5) ਫੁਲਾਂ ਦਾ ਹਾਰ (6) ਚੰਦ (7) ਸੂਰਜ (8) ਧਵਜਾ ਝੰਡਾ (9) ਕਲਸ਼ (ਘੜਾ) (10) ਪਦਮ ਸਰੋਵਰ (11) ਖੀਰ ਸਮੁੰਦਰ (12) ਦੇਵਤੇ ਦਾ ਵਿਮਾਨ (13) ਰਤਨਾਂ ਦੇ ਢੇਰ (14) ਬਿਨਾਂ ਧੂਏ ਤੋਂ ਅੱਗ

ਇਹ ਸੁਪਨੇ ਵੇਖਣ ਤੋਂ ਫੌਰਨ ਬਾਅਦ, ਮਹਾਰਾਨੀ ਤ੍ਰਿਸ਼ਲਾ ਦੀ ਅੱਖ ਖੁੱਲ ਗਈ। ਉਸਨੇ ਆਪਣੇ ਵੇਖੇ ਸ਼ੁਭ ਸੁਪਨਿਆਂ ਦਾ ਜਿਕਰ ਮਹਾਰਾਜਾ ਸਿਧਾਰਥ ਪਾਸ ਕੀਤਾ ।

ਅਗਲੇ ਦਿਨ ਰਾਜ ਦਰਬਾਰ ਵਿਚ ਮਹਾਰਾਜਾ ਸਿਧਾਰਥ ਪਧਾਰੇ । ਉਨ੍ਹਾਂ ਸੁਪਨੇ ਦੱਸਣ ਵਾਲਿਆਂ ਵਿਦਵਾਨਾਂ ਤੋਂ ਇਸ ਦਾ ਅਰਥ ਪੁਛਿਆ । ਜਦ ਦਰਬਾਰ ਵਿਚਕਾਰ ਪਰਦੇ ਪਿਛੇ ਬੈਠੀ ਮਹਾਰਾਣੀ ਤ੍ਰਿਸ਼ਲਾ ਨੇ ਆਪਣੇ ਵੇਖੇ ਸ਼ੁਭ ਸੁਪਨਿਆਂ ਦਾ ਫਲ ਸੁਣਿਆ ਤਾਂ ਉਹ ਬਹੁਤ ਖੁਸ਼ ਹੋਈ ।

## ਮਾਤਾ ਪਿਤਾ ਦਾ ਸਤਿਕਾਰ-

ਜੈਨ ਪਰੰਪਰਾ ਅਨੁਸਾਰ ਤੀਰਥੰਕਰ ਦਾ ਜੀਵ ਮਾਤਾ ਦੇ ਗਰਭ ਵਿਚ ਹੀ ਤਿੰਨ ਗਿਆਨਾਂ ਦਾ ਧਾਰਕ ਹੁੰਦਾ ਹੈ ਸਿਟੇ ਵਜੋਂ ਨਯਸਾਰ ਦਾ ਜੀਵ ਵੀ ਆਪਣੀ ਮਾਤਾ ਦੇ ਗਰਭ ਵਿਚ ਭਗਵਾਨ ਮਹਾਵੀਰ ਦੇ ਰੂਪ ਵਿਚ ਪਲ ਰਿਹਾ ਸੀ । ਇਸ ਪਵਿੱਤਰ ਆਤਮਾ ਨੇ ਆਪਣੇ ਅਵਧੀ ਗਿਆਨ ਦੇ ਸਹਾਰੇ ਸੋਚਿਆ " ਮੇਰੇ ਹਿੱਲਣ ਜੁੱਲਣ ਨਾਲ ਮੇਰੀ ਮਾਂ ਨੂੰ ਕਸ਼ਟ ਹੁੰਦਾ ਹੈ ਕਿਉ ਨਾ ਮੈਂ ਆਪਣਾ ਹਿਲਣਾ ਜੁਲਣਾ ਬੰਦ ਕਰ ਦੇਵਾਂ ।" ਅਜਿਹਾ ਸੋਚ ਕੇ ਨਯਸਾਰ ਦੇ ਜੀਵ ਨੇ ਗਰਭ ਵਿਚ ਹਰਕਤ ਬੰਦ ਕਰ ਦਿੱਤੀ । ਇਸ ਘਟਨਾ ਦਾ

ਮਹਾਰਾਣੀ ਤ੍ਰਿਸ਼ਲਾ ਨੂੰ ਬਹੁਤ ਦੁੱਖ ਹੋਇਆ । ਉਹ ਵੀ ਮਾਂ ਸੀ, ਮਾਂ ਨੂੰ ਆਪਣੀ ਔਲਾਦ ਦੀ ਚਿੰਤਾ ਸੁਭਾਵਿਕ ਹੀ ਹੁੰਦੀ ਹੈ । ਉਹ ਸੋਚਣ ਲੱਗੀ " ਮੇਰਾ ਗਰਭ ਨਸ਼ਟ ਹੋ ਗਿਆ ਹੈ। ਇਸ ਲਈ ਹਿਲ-ਜੁਲ ਨਹੀਂ ਰਿਹਾ, ਬੜੇ ਸ਼ੁਭ ਕਰਮਾਂ ਸਦਕਾ ਮੈਂ ਚਕਰਵਰਤੀ ਦੀ ਮਾਂ ਬਣਨ ਵਾਲੀ ਸੀ । ਕਿਸੇ ਬੁਰੇ ਕਰਮਾਂ ਦਾ ਫਲ ਮੈਨੂੰ ਮਿਲ ਰਿਹਾ ਹੈ ਮੇਰਾ ਜਿਉਣਾ ਬੇਕਾਰ ਹੈ ।" ਇਸ ਤਰ੍ਹਾਂ ਸੋਚਦੀ ਸੋਚਦੀ ਮਹਾਰਾਣੀ ਤ੍ਰਿਸ਼ਲਾ ਬੇਹੋਸ਼ ਹੋ ਗਈ । ਮਹਾਰਾਜਾ ਸਿਧਾਰਥ ਸਾਰੇ ਦਰਬਾਰੀਆਂ ਸਮੇਤ ਮਹਾਰਾਣੀ ਤ੍ਰਿਸ਼ਲਾ ਦੇ ਮਹਿਲ ਪਹੁੰਚੇ । ਇਧਰ ਭਗਵਾਨ ਮਹਾਵੀਰ ਨੇ ਸੋਚਿਆ ਕਿ ਜੇ ਇਸ ਮਾਤਾ ਨੂੰ ਮੇਰੇ ਨਾਲ ਗਰਭ ਵਿਚ ਹੀ ਇੰਨਾ ਪਿਆਰ ਹੈ ਤਾਂ ਮੈਂ ਪ੍ਰਤੀਗਿਆ ਕਰਦਾ ਹਾਂ ਕਿ ਜਦੋਂ ਤੱਕ ਮੇਰੇ ਮਾਤਾ ਪਿਤਾ ਜਿਉਂਦੇ ਰਹਿਣਗੇ, ਮੈਂ ਸਾਧੂ ਜੀਵਨ ਅੰਗੀਕਾਰ ਨਹੀਂ ਕਰਾਂਗਾ ।" ਇਹ ਗੱਲ ਸੋਚ ਕੇ ਭਗਵਾਨ ਮਹਾਵੀਰ ਦੇ ਜੀਵ ਨੇ ਆਪਣੀ ਹਰਕਤ ਫਿਰ ਚਾਲੂ ਕਰ ਦਿੱਤੀ । ਮਹਾਰਾਣੀ ਤ੍ਰਿਸ਼ਲਾ ਨੂੰ ਵੀ ਹੋਸ਼ ਆ ਗਈ । ਉਸਨੇ ਮਹਿਸੂਸ ਕੀਤਾ ਕਿ " ਮੇਰਾ ਗਰਭ ਦਾ ਜੀਵ ਠੀਕ ਹੈ ।"

## ਜਨਮ-

ਜੈਨ ਸ਼ਾਸ਼ਤਰਾਂ ਦੀ ਮਾਨਤਾ ਹੈ ਕਿ ਮਨੁੱਖਾਂ ਦੀ ਤਰ੍ਹਾਂ ਦੇਵਤੇ ਤੇ ਇੰਦਰ ਵੀ ਤੀਰਥੰਕਰਾਂ ਦੀ ਉਪਾਸਨਾ ਕਰਦੇ ਹਨ । ਉਹ ਸਾਰੇ ਤੀਰਥੰਕਰਾਂ ਦੇ ਪੰਜ ਕਲਿਆਣਕਾਂ ਸਮੇਂ ਜਰੂਰ ਇੱਕਠੇ ਹੋ ਕੇ ਜਸ਼ਨ ਮਨਾਉਂਦੇ ਹਨ । ਤੀਰਥੰਕਰ ਦੀ ਧਰਮ ਸਭਾ ਸਮੋਸਰਨ ਵਿੱਚ ਸੇਵਾ ਕਰਦੇ ਹਨ ।

ਤੀਰਥੰਕਰ ਅਤੇ ਸੰਘ ਦੀ ਭਗਤੀ ਕਰਨ ਵਾਲੇ ਦੀ ਹਰ ਪ੍ਰਕਾਰ ਨਾਲ ਮਦਦ ਕਰਦੇ ਹਨ । ਸ੍ਰੀ ਭਗਵਤੀ ਸੂਤਰ ਅਨੁਸਾਰ ਦੇਵਤੇ ਸਵਰਗ ਵਿੱਚ ਹਰ ਸਮੇਂ ਆਨੰਦ ਦਾ ਜੀਵਨ ਗੁਜਾਰਦੇ ਹਨ । ਉਨ੍ਹਾਂ ਦੇ ਮਹਿਲ, ਵਿਮਾਨ, ਅਤੇ ਹਾਥੀ ਵੀ ਹੁੰਦੇ ਹਨ । ਉਹ ਜਰੂਰਤ ਅਨੁਸਾਰ ਨਵਾਂ ਰੂਪ ਬਦਲ ਕੇ ਮਨੁੱਖ ਨੂੰ ਦੁੱਖ ਜਾਂ ਸੁੱਖ ਪਹੁੰਚਾਉਂਦੇ ਹਨ । ਇਨ੍ਹਾਂ ਸਭ ਦਾ ਕਾਰਣ ਵੀ ਕਰਮ ਫਲ ਹੈ, ਜੇ ਕੋਈ ਦੇਵਤਾ ਪਿਛਲੇ ਜਨਮ ਦਾ ਮਿੱਤਰ ਹੈ ਤਾਂ ਸੁੱਖ ਪਹੁੰਚਾਉਂਦਾ ਹੈ ਜੇ ਦੁਸ਼ਮਣ ਹੈ ਤਾਂ ਵੈਰੀ ਵੀ ਬਣ ਜਾਂਦਾ ਹੈ । ਪਰ ਦੇਵਤਿਆਂ ਦੀ ਤੀਰਥੰਕਰਾਂ ਬਾਰੇ ਇੱਕ ਪਰੰਪਰਾ ਹੈ । ਉਹ ਤੀਰਥੰਕਰ ਦੀ ਸਾਰੀ ਜਿੰਦਗੀ ਸੇਵਾ, ਭਗਤੀ ਅਤੇ ਪੂਜਾ ਕਰਦੇ ਹਨ । ਦੇਵਤੇ ਭਾਵੇਂ ਭੌਤਿਕ ਸ਼ਕਤੀ ਪਖੋਂ ਮਨੁੱਖ ਨਾਲ ਬਲਵਾਨ ਅਤੇ ਲੰਬੀ ਉਮਰ ਵਾਲੇ ਹੁੰਦੇ ਹਨ । ਪਰ ਆਤਮਾ ਦਾ ਕਲਿਆਣ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਲਈ ਕਰਮਾਂ ਦੇ ਫਲ ਅਨੁਸਾਰ ਉਨ੍ਹਾਂ ਨੂੰ ਭਿੰਨ ਭਿੰਨ ਜੂਨਾਂ ਵਿੱਚ ਜਨਮ ਲੈਣਾ ਪੈਂਦਾ ਹੈ ।

ਕੱਲਪ ਸੂਤਰ ਅਨੁਸਾਰ ਦੇਵਤੇ ਜੋ ਤੀਰਥੰਕਰਾਂ ਦੇ ਪੰਜ ਕਲਿਆਣਕ ਦਾ (ਸ਼ੁਭ ਅਵਸਰਾਂ) ਸਮੇਂ ਸਮਾਰੋਹ (ਜਸ਼ਨ) ਮਨਾਉਂਦੇ ਹਨ ਇਹ ਕਲਿਆਣਕਾਂ ਦੇ ਨਾਂ ਇਸ ਪ੍ਰਕਾਰ ਹਨ ।

(1) ਚਯਵਨ ਕਲਿਆਨਕ (ਦੇਵਲੋਕ ਤੋਂ ਮਾਤਾ ਦੇ ਗਰਭ ਵਿਚ ਆਉਣ ਵਾਲਾ ਸਮਾਂ)

(2) ਜਨਮ ਕਲਿਆਨਕ (ਤੀਰਥੰਕਰ ਦਾ ਜਨਮ ਸਮਾਂ)

(3) ਦੀਖਿਆ ਕਲਿਆਨਕ (ਘਰ-ਬਾਰ ਛੱਡ ਕੇ ਸਾਧੂ ਬਣਨ ਦਾ ਸਮਾਂ)

(4) ਕੇਵਲ ਗਿਆਨ ਕਲਿਆਨਕ (ਬ੍ਰਹਮ ਗਿਆਨ ਪ੍ਰਾਪਤੀ ਦਾ ਸਮਾਂ)

(5) ਨਿਰਵਾਨ ਕਲਿਆਨਕ (ਮੁਕਤੀ ਪ੍ਰਾਪਤ ਕਰਨ ਦਾ ਸਮਾਂ)

ਆਪਣੀ ਇਸ ਪ੍ਰੰਪਰਾ ਨੂੰ ਦੇਵਤੇ ਬੜੀ ਸ਼ਰਧਾ ਭਗਤੀ ਨਾਲ ਨਿਭਾਉਂਦੇ ਹਨ । ਇਹ ਵਿਰਤਾਂਤ 24 ਤੀਰਥੰਕਰਾਂ ਦੇ 5 ਕਲਿਆਨਕ ਸਮੇਂ ਹੁੰਦਾ ਹੈ । ਜਿਨ੍ਹਾਂ ਦਾ ਵਰਣਨ ਉਪਰ ਕੀਤਾ ਜਾ ਚੁੱਕਾ ਹੈ ।

ਮਹਾਰਾਣੀ ਤ੍ਰਿਸ਼ਲਾ ਦੇ ਗਰਭ ਵਿੱਚ ਭਗਵਾਨ ਮਹਾਵੀਰ ਦਾ ਜੀਵ ਆਪਣੀ ਗਰਭ ਅਵਸਥਾ ਪੂਰੀ ਕਰਨ ਲੱਗਾ । ਉਸ ਸਮੇਂ ਮਹਾਰਾਜਾ ਸਿਧਾਰਥ ਦੇ ਰਾਜ 'ਚ ਦੇਵਤਿਆਂ ਨੇ ਹਰ ਪ੍ਰਕਾਰ ਦੇ ਖਜਾਨੇ ਵਿਚ ਵਾਧਾ ਕਰਨਾ ਸ਼ੁਰੂ ਕਰ ਦਿਤਾ । ਉਸ ਦੇ ਘਰ ਸੋਨਾ, ਚਾਂਦੀ ਅਨਾਜ, ਸਵਾਰੀ ਯੋਗ ਪਸ਼ੂਆਂ ਦਾ ਵਾਧਾ ਹੋਣ ਲੱਗਾ । ਉਸ ਦੀ ਮਾਨ ਮਰਿਯਾਦਾ ਵੀ ਅਗੇ ਨਾਲੋਂ ਵਧ ਗਈ । ਉਸ ਸਮੇਂ ਭਗਵਾਨ ਮਹਾਵੀਰ ਦੇ ਮਾਤਾ ਪਿਤਾ ਦੇ ਮਨ ਵਿਚ ਆਇਆ " ਇਹ ਸਾਰਾ ਵਾਧਾ ਆਉਣ ਵਾਲੀ ਪਵਿੱਤਰ ਆਤਮਾ ਦੇ ਪੁੰਨ, ਪ੍ਰਤਾਪ ਦਾ ਫਲ ਹੈ । ਅਸੀਂ ਹੋਣ ਵਾਲੀ ਔਲਾਦ ਦਾ ਨਾਂ ਵਰਧਮਾਨ ਰਖਾਂਗੇ, ਕਿਉਂਕਿ ਇਹੋ ਨਾਉ ਗੁਣ ਪ੍ਰਧਾਨ ਹੈ ।

ਨੌਂ ਮਹੀਨੇ, ਸਾਢੇ ਸੱਤ ਦਿਨ ਪੂਰੇ ਹੋਣ ਤੇ ਭਗਵਾਨ ਮਹਾਵੀਰ ਦਾ ਜਨਮ ਖੱਤਰੀ ਕੁੰਡ ਗ੍ਰਾਮ ਦੇ ਮਹਾਰਾਜ ਸਿਧਾਰਥ ਅਤੇ ਮਹਾਰਾਣੀ ਤ੍ਰਿਸ਼ਲਾ ਦੀ ਕੁਖੋਂ ਹੋਇਆ । ਉਸ ਸਮੇਂ ਚੇਤਰ ਮਹੀਨੇ ਦੀ ਸ਼ੁਕਲਾ 13 ਸੀ । ਗਰਮੀ ਦੀ ਰੁੱਤ ਦਾ ਪਹਿਲਾ ਮਹੀਨਾ ਸੀ । ਭਗਵਾਨ ਮਹਾਵੀਰ ਦਾ ਜਨਮ ਈ. ਪੂਰਵ 599 ਨੂੰ ਹੋਇਆ ।

ਉਸ ਸਮੇਂ ਜੋਤਸ਼ ਪਖੋਂ ਸਾਰੇ ਗ੍ਰਹਿ ਆਪਣੀ ਉੱਚ ਅਵੱਸਥਾ ਵਿੱਚ ਸਨ । ਉਤਰ ਫਾਲਗੁਣੀ ਨਾਂ ਦਾ ਨੱਛਤਰ ਸੀ ।

## ਸਮਾਰੋਹ

ਜਿਸ ਸਮੇਂ ਭਗਵਾਨ ਮਹਾਵੀਰ ਦਾ ਜਨਮ ਹੋਇਆ । ਉਸ ਸਮੇਂ ਧਰਤੀ ਹੀ ਨਹੀਂ ਸਗੋਂ ਦੇਵ ਲੋਕ ਵਿਚ ਖੁਸ਼ੀਆਂ ਛਾ ਗਈਆਂ । ਇੰਦਰ ਨੇ ਆਪਣੇ ਅਵੱਧੀ ਗਿਆਨ ਰਾਹੀਂ 24ਵੇਂ ਤੀਰਥੰਕਰ ਮਹਾਵੀਰ ਦੇ ਜਨਮ ਦੀ ਸੂਚਨਾ ਸਾਰੇ ਦੇਵੀ ਦੇਵਤਿਆਂ ਨੂੰ ਪ੍ਰਾਚੀਨ ਪ੍ਰੰਪਰਾ ਅਨੁਸਾਰ ਦਿਤੀ । ਇਸ ਦਾ ਮਿਠਾ ਵਰਨਣ ਸ੍ਰੀ ਕਲਪ ਸੂਤਰ ਵਿਚ ਹੈ । ਜਿਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ ।

ਭਗਵਾਨ ਮਹਾਵੀਰ ਦੇ ਜਨਮ ਸਮੇਂ ਵੀ 56 ਦਿਕਕੁਮਾਰੀਆਂ ਆਪਣੇ ਅਵਧੀ ਗਿਆਨ ਰਾਹੀਂ ਖੁਸ਼ ਹੋ ਕੇ ਤੀਰਥੰਕਰ ਦੀ ਭਗਤੀ ਕਰਦਿਆਂ ਧਰਤੀ ਤੇ ਪੁਜੀਆਂ ।

(1) 8 ਦਿਕਕੁਮਾਰੀਆਂ ਨੇ ਅਧੋਲੋਕ ਵਿਚੋਂ ਆ ਕੇ ਪ੍ਰਭੂ ਦੀ ਮਾਤਾ ਨੂੰ ਨਮਸਕਾਰ ਕਰਕੇ ਸ਼ੁਧ ਹਵਾ ਰਾਹੀਂ ਸਾਰੀ ਭੂਮੀ ਪਵਿੱਤਰ ਕੀਤੀ ਅਤੇ ਸੁਗੰਧ ਛਿੜਕ ਦਿੱਤੀ ।

(2) 8 ਦਿੱਕਕੁਮਾਰੀਆਂ ਫੁੱਲਾਂ ਦੀ ਵਰਖਾ ਕਰਨ ਲੱਗ ਪਈਆਂ । ਇਹ ਉਰਧਵ ਲੋਕ ਵਿਚੋਂ ਆਈਆਂ ਸਨ ।

(3) 8 ਦਿਕ ਕੁਮਾਰੀਆਂ ਪੂਰਵ ਦਿਸ਼ਾ ਦੇ ਰੁਚਕ ਪਰਵਤ ਤੋਂ ਆ ਕੇ, ਭਗਵਾਨ ਦੀ ਮਾਤਾ ਅਤੇ ਭਗਵਾਨ ਨੂੰ ਮਥਾ ਟੇਕ ਕੇ ਸ਼ੀਸ਼ੇ ਲੈ ਕੇ ਖੜ ਗਈਆਂ ।

(4) 8 ਦਿੱਕ ਕੁਮਾਰੀਆਂ ਦਖਣੀ ਰੁਚਕ ਪਰਵਤ ਤੋਂ ਪਵਿਤਰ ਕਲਸਾਂ ਰਾਹੀਂ ਭਗਵਾਨ ਅਤੇ ਉਨ੍ਹਾਂ ਦੀ ਮਾਤਾ ਨੂੰ ਇਸ਼ਨਾਨ ਕਰਾਉਣ ਲਗੀਆਂ ।

(5) 8 ਦਿਕ ਕੁਮਾਰੀਆਂ ਪਛਮੀ ਰੁਚਕ ਪਰਵਤ ਤੋਂ ਆ ਕੇ ਭਗਵਾਨ ਅਤੇ ਉਨ੍ਹਾਂ ਦੀ ਮਾਤਾ ਨੂੰ ਪੱਖਾ ਝੱਲਣ ਲੱਗ ਪਈਆਂ ।

(6) 8 ਦਿਕ ਕੁਮਾਰੀਆਂ ਉੱਤਰੀ ਰੁਚਕ ਪਰਵਤ ਤੋਂ ਆ ਕੇ ਚਾਵਰ (ਚੌਰ) ਕਰਨ ਲੱਗ ਪਈਆਂ ।

(7) 8 ਦਿਕ ਕੁਮਾਰੀਆਂ ਹੱਥਾਂ ਵਿਚ ਦੀਵੇ ਲੈ ਕੇ ਭਗਵਾਨ ਕੋਲ ਖੜ ਗਈਆਂ ।

ਇਹਨਾਂ ਦਿਕ ਕੁਮਾਰੀਆਂ ਨੇ ਤਿੰਨ ਕੇਲੇ ਦੇ ਘਰਾਂ ਵਿਚ ਭਗਵਾਨ ਅਤੇ ਉਨ੍ਹਾਂ ਦੀ ਮਾਤਾ ਨੂੰ ਲਿਜਾ ਕੇ ਮਾਲਿਸ਼, ਇਸ਼ਨਾਨ ਅਤੇ ਹੋਰ ਪਵਿੱਤਰ ਕੰਮ ਕੀਤੇ ।

ਇਨ੍ਹਾਂ ਦੇਵੀਆਂ ਨਾਲ ਹਜਾਰਾਂ ਸਹਾਇਕ ਦੇਵਤੇ, ਅੰਗ ਰਖਿਅਕ ਅਤੇ ਸੇਨਾਵਾਂ ਦਾ ਠਾਠ-ਬਾਠ ਸੀ । ਇਧਰ ਇੰਦਰ ਦੀ ਸੂਚਨਾ ਤੇ ਸਾਰੇ ਦੇਵਤੇ ਆਪਣੇ ਪਰਿਵਾਰਾਂ ਨਾਲ, ਸ਼ਾਨੋ-ਸ਼ੌਕਤ ਨਾਲ ਤਿਆਰ ਹੋ ਕੇ ਧਰਤੀ ਉਪਰ ਆ ਗਏ । ਇੰਦਰ ਨੇ ਭਗਵਾਨ ਅਤੇ ਉਨ੍ਹਾਂ ਦੀ ਮਾਂ ਨੂੰ ਨਮਸਕਾਰ ਕਰਦੇ ਹੋਏ ਆਖਿਆ " ਹੇ ਰਤਨ ਕੁੱਖ ਵਾਲੀ ਮਾਂ ! ਸੰਸਾਰ ਵਿਚ ਦੀਵੇ ਦੀ ਤਰ੍ਹਾਂ ਪ੍ਰਕਾਸ਼ਮਾਨ ਮਾਂ ! ਮੈਂ ਤੈਨੂੰ ਨਮਸਕਾਰ ਕਰਦਾ ਹਾਂ । ਮੈਂ ਦੇਵਤਿਆਂ ਦਾ ਰਾਜਾ ਇੰਦਰ ਸਵਰਗ ਤੋਂ ਆਇਆ ਹਾਂ । ਅਸੀਂ ਸਾਰੇ ਦੇਵਤੇ ਪ੍ਰਭੂ ਮਹਾਵੀਰ ਦਾ ਜਨਮ ਉਤਸਵ ਕਰਾਂਗੇ । ਤੂੰ ਬਿਲਕੁਲ ਭੈ ਨਾ ਰੱਖ ।" ਇਹ ਆਖ ਕੇ ਇੰਦਰ ਨੇ ਆਪਣੀ ਸ਼ਕਤੀ ਨਾਲ ਆਪਣੇ ਪੰਜ ਰੂਪ ਬਣਾਏ । ਉਸਨੇ ਇਕ ਸ਼ਕਲ ਰਾਹੀਂ ਪ੍ਰਭੂ ਨੂੰ ਗ੍ਰਹਿਣ ਕੀਤਾ । ਦੋ ਰੂਪਾਂ ਰਾਹੀਂ ਭਗਵਾਨ ਉਪਰ ਚੌਰ ਝੁਲਾਉਣ ਲੱਗਾ । ਇਕ ਰੂਪ ਰਾਹੀਂ ਉਸਨੇ ਪ੍ਰਭੂ ਉਪਰ ਛੱਤਰ ਦਿੱਤਾ । ਇਕ ਰੂਪ ਨਾਲ ਉਸਨੇ ਆਪਣਾ ਬਜਰ ਧਾਰਨ ਕੀਤਾ ।

ਇਸ ਤਰ੍ਹਾਂ ਇੰਦਰ ਪ੍ਰਭੂ ਨੂੰ ਮੈਰੂ ਪਰਵਤ ਦੀ ਪਾਂਡੂ ਸ਼ਿਲਾ ਤੇ ਗੋਦੀ ਵਿਚ ਲੈ ਕੇ ਬੈਠ ਗਿਆ । ਉਸ ਸਮੇਂ ਸਵਰਗ ਦੇ ਮੁਖੀ 64 ਇੰਦਰ ਪ੍ਰਭੂ ਦੇ ਚਰਨਾਂ ਵਿਚ ਹਾਜਰ ਹੋ ਗਏ । ਸਭ ਇੰਦਰਾਂ ਪਾਸ ਇਕ ਕਰੋੜ ਅਤੇ ਸੱਠ ਲੱਖ ਕਲਸ਼ ਸਨ । ਇਨ੍ਹਾਂ ਵਿਚ ਭਿੰਨ-ਭਿੰਨ ਪ੍ਰਕਾਰ ਦੀ ਪੂਜਾ ਸਾਮਗਰੀ ਅਤੇ ਨਦੀਆਂ ਦਾ ਜਲ ਸੀ ।

ਉਸ ਸਮੇਂ ਘੜਿਆਂ ਦੀ ਇੰਨੀ ਗਿਣਤੀ ਵੇਖ ਕੇ ਇੰਦਰ ਦੇ ਮਨ ਵਿੱਚ ਸ਼ੰਕਾ ਪੈਦਾ ਹੋਈ । ਉਹ ਸੋਚਣ ਲੱਗਾ " ਇਹ ਇਕ ਦਿਨ ਦਾ ਬਾਲਕ ਇੰਨਾ ਬੜਾ ਇਸ਼ਨਾਨ ਝੱਲ ਸਕੇਗਾ ।" ਉਸ ਸਮੇਂ ਪ੍ਰਭੂ ਨੇ ਇੰਦਰ ਦੇ ਮਨ ਦੀ ਗੱਲ ਅਵਧੀ ਗਿਆਨ ਰਾਹੀਂ ਸਮਝ ਲਿਆ । ਭਗਵਾਨ ਨੇ ਆਪਣੇ ਪੈਰ ਦੀ ਛੋਟੀ ਅੰਗੁਲੀ ਜਦ ਮੇਰੂ ਪਰਵਤ ਨਾਲ ਲਗਾਇਆ ਤਾਂ ਸਾਰਾ ਸੁਮੇਰ ਪਰਵਤ ਕੰਬ ਉਠਿਆ । ਇਸ ਦੇ ਸਿਟੇ ਵਜੋਂ ਹੋਰ ਸਾਰੀ ਧਰਤੀ ਤੇ ਪਹਾੜ ਕੰਬ ਉਠੇ । ਇੰਦਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ । ਉਸ ਨੇ ਪ੍ਰਭੂ ਤੋਂ ਖਿਮਾ ਮੰਗੀ । ਇਸ ਪ੍ਰਕਾਰ ਭਗਵਾਨ ਮਹਾਵੀਰ ਦਾ ਜਨਮ ਮਹੋਤਸਵ ਮਨਾਇਆ ਗਿਆ। ਇਸ ਵਿਚ ਸਭ ਤੋਂ ਪਹਿਲਾਂ ਇੰਦਰ ਨੇ ਇਸ਼ਨਾਨ ਕਰਾਇਆ । ਫੇਰ ਸਾਰੇ ਦੇਵਤੇ ਇਸ ਵਿਚ ਸ਼ਾਮਲ ਹੋਏ । ਸੂਰਜ ਅਤੇ ਚੰਦਰਮਾ ਨੇ ਅੰਤ ਵਿਚ ਇਸ਼ਨਾਨ ਕਰਾਇਆ । ਇਹ ਅਸ਼ਟ ਮੰਗਲ ਸਥਾਪਤ ਕੀਤੇ ।

(1) ਦਰਪਣ (2) ਵਰਧਮਾਨ (3) ਕਲਸ਼ (4) ਮਛੀਆਂ ਦਾ ਜੋੜਾ
(5) ਸ੍ਰੀਵਤਸ (6) ਸਵਾਸਤਿਕ (7) ਨੰਦਾਵਰਤ (8) ਸਿੰਘਾਸਨ

ਇੰਨਾ ਵੱਡਾ ਮਹੋਤਸਵ ਕਰਕੇ ਇੰਦਰ ਨੇ ਫੇਰ ਪ੍ਰਭੂ ਮਹਾਵੀਰ ਨੂੰ ਮਹਾਰਾਣੀ ਤ੍ਰਿਸ਼ਲਾ ਪਾਸ ਸੁਲਾ ਦਿਤਾ ਅਤੇ ਮਾਤਾ ਦੀ ਨੀਂਦ ਵੀ ਖੋਲ੍ਹ ਦਿੱਤੀ । ਇਸ ਤੋਂ ਬਾਅਦ ਇੰਦਰ ਨੇ ਹੋਰ ਅਨੇਕਾਂ ਸ਼ਗਨ ਤੇ ਮੰਗਲ ਕਾਰਜ ਕੀਤੇ ।

ਜਦ ਸਵੇਰ ਹੋਈ, ਤਾਂ ਪ੍ਰਿਆਵੰਦੀ ਦਾਸੀ ਨੇ ਆ ਕੇ ਭਗਵਾਨ ਮਹਾਵੀਰ ਦੇ ਜਨਮ ਦੀ ਖੁਸ਼ੀ ਮਹਾਰਾਜ ਸਿਧਾਰਥ ਨੂੰ ਦਿੱਤੀ । ਮਹਾਰਾਜਾ ਸਿਧਾਰਥ ਨੇ ਆਪਣੇ ਗਲੇ ਦਾ ਹਾਰ ਅਤੇ ਕੀਮਤੀ ਗਹਿਣੇ ਦਾਸੀ ਨੂੰ ਇਨਾਮ ਵਿਚ ਦੇ ਦਿਤੇ । ਪ੍ਰਿਆਵੰਦੀ ਦਾਸੀ ਨੂੰ ਦਾਸਪੁਣੇ ਤੋਂ ਹਮੇਸ਼ਾਂ ਲਈ ਮੁਕਤੀ ਮਿਲ ਗਈ ।

ਭਗਵਾਨ ਮਹਾਵੀਰ ਦੇ ਜਨਮ ਸਮੇਂ ਦੇਵਤਿਆਂ ਸਮੇਤ ਸਾਰੇ ਰਾਜ ਵਿਚ ਖੁਸ਼ੀਆਂ ਮਨਾਈਆਂ ਗਈਆਂ, ਟੈਕਸ ਮੁਆਫ ਕਰ ਦਿਤੇ ਗਏ, ਗਰੀਬਾਂ ਨੂੰ ਦਾਨ ਦਿਤਾ ਗਿਆ ਕੈਦੀ ਰਿਹਾ ਕਰ ਦਿਤੇ ਗਏ । ਇਹ ਸਾਰੇ ਜਸ਼ਨ 10 ਦਿਨ ਚਲੇ ।

## ਬਚਪਨ–

ਭਗਵਾਨ ਮਹਾਵੀਰ ਬਚਪਨ ਤੋਂ ਹੋ ਬਹੁਤ ਗੰਭੀਰ ਚਿੰਤਨਸ਼ੀਲ ਸਨ । ਉਹ ਆਮ ਬਚਿਆਂ ਨਾਲ ਘੱਟ ਖੇਡਦੇ । ਇਸ ਕਰਕੇ ਜੈਨ ਗ੍ਰੰਥਾਂ ਵਿਚ ਉਨ੍ਹਾਂ ਦੇ ਬਚਪਨ ਦਾ ਘੱਟ ਵਰਨਣ ਆਇਆ ਹੈ । ਭਗਵਾਨ ਮਹਾਵੀਰ ਦੇ ਬਚਪਨ ਸਾਰੇ ਸ਼ਵੇਤਾਂਬਰ ਅਤੇ ਦਿਗੰਬਰ ਗਰੰਥਾਂ ਵਿਚ ਕੁਝ ਅੰਸ਼ ਮਿਲਦੇ ਹਨ, ਜਿਸ ਤੋਂ ਉਨ੍ਹਾਂ ਦੀ ਬਹਾਦਰੀ ਅਤੇ ਨਿਡਰਤਾ ਸਿੱਧ ਹੁੰਦੀ ਹੈ । ਬਚਪਨ ਵਿੱਚ ਹੀ ਪਿਛਲੇ ਜਨਮਾਂ ਦਾ ਗਿਆਨ ਹੋਣ ਕਾਰਨ ਉਹ ਬੜੇ ਬੜੇ ਬਜੁਰਗਾਂ ਨੂੰ ਆਪਣੀ ਬੁਧੀ ਨਾਲ ਹੈਰਾਨ ਕਰ ਦਿੰਦੇ ਸਨ ।